17-APRIL-PAGE-1.qxd 4/16/2023 8:41 PM Page 1

ਸੋਮਵਾਰ, 17 ਅਪ੍ਰੈਲ, 2023
4 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 316

ਨਵਾਂ ਜ਼ਮਾਨਾ

DAILY NAWAN ZAMANA • MONDAY, 17 APRIL, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਕੇਜਰੀਵਾਲ ਤੋਂ ਪੁੱਛਗਿੱਛ ਦੌਰਾਨ ਪ੍ਰਦਰਸ਼ਨ ਕਰਨ ਵਾਲੇ ਪੰਜਾਬ ਦੇ ਮੰਤਰੀ ਤੇ ਵਿਧਾਇਕ ਹਿਰਾਸਤ 'ਚ

ਭਾਜਪਾ ਨੇ ਸੀ ਬੀ ਆਈ ਨੂੰ ਮੈਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਹੈ : ਕੇਜਰੀਵਾਲ

ਸੀ ਬੀ ਆਈ ਹੈੱਡਕੁਆਰਟਰ ਦੇ ਬਾਹਰ ਬੈਠੇ ਭਗਵੰਤ ਤੇ ਹੋਰ ਸੀਨੀਅਰ ਆਗੂ।

ਨਵੀਂ ਦਿੱਲੀ/ਚੰਡੀਗੜ੍ਹ (ਗੁਰਜੀਤ ਬਿੱਲਾ)

ਐਕਸਾਈਜ ਨੀਤੀ 'ਚ ਕਥਿਤ ਬੇਨਿਯਮੀਆਂ ਦੇ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਸੀ ਬੀ ਆਈ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਟਵਿੱਟਰ 'ਤੇ ਜਾਰੀ ਕੀਤੇ ਗਏ ਪੰਜ ਮਿੰਟ ਦੇ ਵੀਡੀਓ ਸੰਦੇਸ਼ 'ਚ ਕਿਹਾ—ਮੈਨੂੰ ਸੀ ਬੀ ਆਈ ਨੇ ਅੱਜ ਤਲਬ ਕੀਤਾ ਹੈ ਅਤੇ ਮੈਂ ਸਾਰੇ ਜਵਾਬ ਇਮਾਨਦਾਰੀ ਨਾਲ ਦੇਵਾਂਗਾ। ਇਹ ਲੋਕ ਬਹੁਤ ਤਾਕਤਵਰ ਹਨ। ਉਹ ਕਿਸੇ ਨੂੰ ਵੀ ਜੇਲ੍ਹ ਭੇਜ ਸਕਦੇ ਹਨ, ਭਾਵੇਂ ਉਸ ਵਿਅਕਤੀ ਨੇ ਕੋਈ ਜੁਰਮ ਕੀਤਾ ਹੋਵੇ ਜਾਂ ਨਹੀਂ। ਕੱਲ੍ਹ ਤੋਂ ਹੀ ਸਾਰੇ ਨੇਤਾ ਰੌਲਾ ਪਾ ਰਹੇ ਹਨ ਕਿ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਮੈਨੂੰ ਲੱਗਦਾ ਹੈ ਭਾਜਪਾ ਨੇ ਹੁਕਮ ਦੇ ਦਿੱਤਾ ਹੈ ਕਿ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਜਾਵੇ। ਜੇਕਰ ਭਾਜਪਾ ਨੇ ਹੁਕਮ ਦਿੱਤਾ ਹੈ, ਤਾਂ ਫਿਰ ਸੀ ਬੀ ਆਈ ਕੌਣ ਹੁੰਦੀ ਹੈ? ਸੀ ਬੀ ਆਈ ਮੈਨੂੰ ਗ੍ਰਿਫਤਾਰ ਕਰਨ ਜਾ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਸੰਜੇ ਸਿੰਘ ਸਣੇ ਕਈ ਹੋਰ ਨੇਤਾ ਕੇਜਰੀਵਾਲ ਨਾਲ ਏਜੰਸੀ ਦੇ ਹੈੱਡਕੁਆਰਟਰ ਤੱਕ ਗਏ। ਕੇਜਰੀਵਾਲ ਸਵੇਰੇ 11.10 ਵਜੇ ਆਪਣੀ ਕਾਰ 'ਚ ਸੀ ਬੀ ਆਈ ਹੈੱਡਕੁਆਰਟਰ ਪਹੁੰਚੇ, ਜਿੱਥੇ ਉਨ੍ਹਾ ਨੂੰ ਸੀ ਬੀ ਆਈ ਦੇ ਭ੍ਰਿਸ਼ਟਾਚਾਰ ਵਿਰੋਧੀ ਵਿੰਗ ਦੇ ਪਹਿਲੀ ਮੰਜ਼ਲ ਸਥਿਤ ਦਫਤਰ ਲਿਜਾਇਆ ਗਿਆ।

ਕੇਜਰੀਵਾਲ ਤੋਂ ਪੁੱਛਗਿੱਛ ਦੌਰਾਨ ਪ੍ਰੋਟੈੱਸਟ ਕਰਨ 'ਤੇ ਦਿੱਲੀ ਪੁਲਸ ਪੰਜਾਬ ਦੇ ਕੈਬਨਿਟ ਮੰਤਰੀਆਂ ਅਮਨ ਅਰੋੜਾ, ਬ੍ਰਹਮ ਸ਼ੰਕਰ ਜਿੰਪਾ, ਹਰਜੋਤ ਬੈਂਸ ਤੇ ਚੇਤਨ ਸਿੰਘ ਜੌੜਾਮਾਜਰਾ, ਸਾਂਸਦ ਰਾਘਵ ਚੱਢਾ, ਵਿਧਾਇਕ ਗੁਰਲਾਲ ਘਨੌਰ, ਜਸਵੰਤ ਸਿੰਘ ਗੱਜਣਮਾਜਰਾ, ਅਸ਼ੋਕ ਪਰਾਸ਼ਰ ਪੱਪੀ, ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੂੰ ਚੁੱਕ ਕੇ ਬਬਾਨਾ ਥਾਣੇ ਲੈ ਗਈ। ਪੁਲਸ ਨੇ ਦਿੱਲੀ ਦੇ ਮੰਤਰੀਆਂ ਕੈਲਾਸ਼ ਗਹਿਲੋਤ, ਆਤਿਸ਼ੀ ਤੇ ਸੌਰਭ ਭਾਰਦਵਾਜ ਨੂੰ ਵੀ ਹਿਰਾਸਤ 'ਚ ਲੈ ਲਿਆ। ਆਮ ਆਦਮੀ ਪਾਰਟੀ ਨੇ ਇਸ ਤੋਂ ਬਾਅਦ ਕਿਹਾ ਕਿ ਇਕ ਤਾਨਾਸ਼ਾਹ ਤੇ ਡਰਪੋਕ ਵਿਅਕਤੀ 10 ਲੋਕਾਂ ਨੂੰ ਵੀ ਆਪਣੇ ਖਿਲਾਫ ਬੋਲਦਾ ਸਹਿਣ ਨਹੀਂ ਕਰ ਸਕਦਾ। ਪਾਰਟੀ ਦੇ ਦਿੱਲੀ ਦੇ ਕਨਵੀਨਰ ਗੋਪਾਲ ਰਾਏ ਨੇ ਕਿਹਾ ਕਿ ਦਿੱਲੀ ਦੇ ਕਈ ਵਿਧਾਇਕਾਂ ਤੇ ਕੌਂਸਲਰਾਂ ਸਣੇ ਕਰੀਬ 1500 ਲੋਕਾਂ ਨੂੰ ਵੱਖ-ਵੱਖ ਥਾਵਾਂ ਤੋਂ ਚੁੱਕ ਲਿਆ ਗਿਆ।

ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਪ੍ਰਦਰਸ਼ਨ ਕਾਰਨ ਰਾਜਧਾਨੀ ਦੇ ਕਈ ਹਿੱਸਿਆਂ 'ਚ ਟ੍ਰੈਫਿਕ ਜਾਮ ਹੋ ਗਿਆ। ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਇਸ ਦੌਰਾਨ ਆਨੰਦ ਵਿਹਾਰ ਟਰਮੀਨਲ, ਆਈ ਟੀ ਓ ਚੌਕ, ਮੁਕਰਬਾ ਚੌਕ, ਪੀਰਾਗੜ੍ਹੀ ਚੌਕ, ਲਾਡੋ ਸਰਾਏ ਚੌਕ, ਕਰਾਊਨ ਪਲਾਜ਼ਾ ਚੌਕ, ਸੈਕਟਰ 6 ਅਤੇ ਸੈਕਟਰ 2 ਚੌਕ, ਪੈਸੀਫਿਕ ਵਾਲਾ ਚੌਕ, ਸੁਭਾਸ਼ ਨਗਰ ਚੌਕ, ਪ੍ਰੇਮਵਾੜੀ ਚੌਕ, ਰਿੰਗ ਵੇਅ ਰੋਡ, ਨਵੀਂ ਦਿੱਲੀ, ਵੱਡਾ ਹਨੂੰਮਾਨ ਮੰਦਰ, ਕਰੋਲ ਬਾਗ ਚੌਕ, ਆਈ ਆਈ ਟੀ ਕਰਾਸਿੰਗ, ਆਈ ਐੱਸ ਬੀ ਟੀ ਕਸ਼ਮੀਰੀ ਗੇਟ, ਰਾਜਘਾਟ ਅਤੇ ਮੁਰਗਾ ਮੰਡੀ ਗਾਜੀਪੁਰ ਨੇੜੇ ਐੱਨ ਐੱਚ-24 'ਤੇ ਪ੍ਰਦਰਸ਼ਨ ਵਾਲੀਆਂ

● ਬਾਕੀ ਸਫ਼ਾ 2 'ਤੇ

ਅਡਾਨੀ ਭ੍ਰਿਸ਼ਟਾਚਾਰ ਦਾ ਪ੍ਰਤੀਕ : ਰਾਹੁਲ

ਕੋਲਾਰ : ਰਾਹੁਲ ਗਾਂਧੀ ਨੇ ਐਤਵਾਰ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕੋਲਾਰ 'ਚ ਇਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਅਡਾਨੀ ਮੁੱਦਾ ਉਠਾਇਆ ਹੈ। ਰਾਹੁਲ ਨੇ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਅਡਾਨੀ ਭ੍ਰਿਸ਼ਟਾਚਾਰ ਦਾ ਪ੍ਰਤੀਕ ਹੈ। ਉਨ੍ਹਾ ਕਿਹਾ—ਮੈਨੂੰ ਬਹੁਤ ਖੁਸ਼ੀ ਹੈ ਕਿ ਕਾਂਗਰਸ ਪਾਰਟੀ ਇਕਜੁੱਟ ਹੋ ਕੇ ਕਰਨਾਟਕ ਵਿਧਾਨ ਸਭਾ ਚੋਣਾਂ ਲੜ ਰਹੀ ਹੈ। ਜੇ ਕਰਨਾਟਕ 'ਚ ਕਾਂਗਰਸ ਸਰਕਾਰ ਬਣਦੀ ਹੈ ਤਾਂ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ 'ਚ ਮੁੱਖ ਚੋਣ ਵਾਅਦਿਆਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ।

ਕੋਲਾਰ ਉਹੀ ਥਾਂ ਹੈ, ਜਿਥੇ ਰਾਹੁਲ ਨੇ 2019 ਵਿਚ ਰੈਲੀ ਦੌਰਾਨ ਕਿਹਾ ਸੀ ਕਿ ਦੇਸ਼ ਨੂੰ ਲੁੱਟਣ ਵਾਲਿਆਂ ਦਾ ਗੋਤ ਮੋਦੀ ਕਿਉਂ ਹੁੰਦਾ ਹੈ। ਇਸ ਮਾਮਲੇ ਵਿਚ ਪਿਛਲੇ ਦਿਨੀਂ ਉਨ੍ਹਾ ਨੂੰ ਦੋ ਸਾਲ ਦੀ ਸਜ਼ਾ ਹੋਈ ਸੀ ਤੇ ਉਨ੍ਹਾ ਦੀ ਲੋਕ ਸਭਾ ਮੈਂਬਰੀ ਜਾਂਦੀ ਲੱਗੀ ਸੀ। ਭਾਜਪਾ ਪ੍ਰਚਾਰਦੀ ਹੈ ਕਿ ਮੋਦੀ ਹੋਰਨਾਂ ਪੱਛੜੀਆਂ ਜਾਤਾਂ (ਓ ਬੀ ਸੀ) ਤੋਂ ਹਨ ਤੇ ਰਾਹੁਲ ਨੇ ਓ ਬੀ ਸੀ ਦੀ ਮਾਣਹਾਨੀ ਕੀਤੀ ਸੀ।

ਕਰਨਾਟਕ ਚੋਣਾਂ ਦੇ ਮੌਕੇ ਰਾਹੁਲ ਨੇ ਰੈਲੀ, ਜਿਸ ਵਿਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੀ ਮੌਜੂਦ ਸਨ, ਨੂੰ ਸੰਬੋਧਨ ਕਰਦਿਆਂ ਕਿਹਾ—ਸਰਕਾਰ ਇਸ ਦੇਸ਼ ਵਿਚ ਓ ਬੀ ਸੀ ਨੂੰ ਬਦਨਾਮ ਕਰਨ ਦੀ ਗੱਲ ਕਰਦੀ ਹੈ। ਫਿਰ ਉਹ ਜਾਤੀਗਤ ਜਨਗਣਨਾ ਕਿਉਂ ਲੁਕਾ ਰਹੀ ਹੈ ਅਤੇ ਦੇਸ਼ ਵਿਚ ਐੱਸ ਸੀ, ਐੱਸ ਟੀ ਤੇ ਓ ਬੀ ਸੀ ਦੀ ਗਿਣਤੀ ਤੇ ਸਰਕਾਰ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਦਾ ਖੁਲਾਸਾ ਕਿਉਂ ਨਹੀਂ ਕਰ ਰਹੀ। ਮੈਂ ਸਰਕਾਰ ਤੋਂ ਜਾਤੀਗਤ ਜਨਗਣਨਾ ਕਰਾਉਣ ਤੇ ਇਹ ਦੱਸਣ ਦੀ ਮੰਗ ਕਰਦਾ ਹਾਂ ਕਿ ਓ ਬੀ ਸੀ ਦਾ ਅਪਮਾਨ ਕੌਣ ਕਰ ਰਿਹਾ ਹੈ।

ਕਾਨੂੰਨ ਦੇ ਰਾਜ ਨਾਲ ਖਿਲਵਾੜ ਲੋਕਤੰਤਰ ਲਈ ਖਤਰਨਾਕ : ਕਾਂਗਰਸ

ਨਵੀਂ ਦਿੱਲੀ : ਕਾਂਗਰਸ ਨੇ ਐਤਵਾਰ ਕਿਹਾ ਕਿ ਅਪਰਾਧੀਆਂ ਨੂੰ ਦੇਸ਼ ਦੇ ਕਾਨੂੰਨ ਦੇ ਤਹਿਤ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਨਿਆਂਇਕ ਪ੍ਰਕਿਰਿਆ ਨਾਲ ਖਿਲਵਾੜ ਕਰਨ ਵਾਲਿਆਂ ਅਤੇ ਉਨ੍ਹਾਂ ਨੂੰ ਸੁਰੱਖਿਆ ਦੇਣ ਵਾਲਿਆਂ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਕਾਂਗਰਸ ਨੇ ਇਹ ਟਿੱਪਣੀ ਯੂ ਪੀ ਦੇ ਪ੍ਰਯਾਗਰਾਜ 'ਚ ਮਾਫੀਆ ਅਤੇ ਸਾਬਕਾ ਸੰਸਦ ਮੈਂਬਰ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੀ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਇਕ ਦਿਨ ਬਾਅਦ ਕੀਤੀ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਦੇਸ਼ ਦਾ ਕਾਨੂੰਨ ਸੰਵਿਧਾਨ 'ਚ ਲਿਖਿਆ ਹੋਇਆ ਹੈ ਅਤੇ ਇਹ ਕਾਨੂੰਨ ਸਰਵਉੱਚ ਹੈ। ਉਨ੍ਹਾ ਕਿਹਾ—ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ, ਪਰ ਅਜਿਹਾ ਦੇਸ਼ ਦੇ ਕਾਨੂੰਨ ਅਨੁਸਾਰ ਹੋਣਾ ਚਾਹੀਦਾ ਹੈ। ਕਿਸੇ ਵੀ ਰਾਜਨੀਤਕ ਉਦੇਸ਼ ਲਈ ਕਾਨੂੰਨ ਦੇ ਰਾਜ ਅਤੇ ਨਿਆਂਇਕ ਪ੍ਰਕਿਰਿਆ ਨਾਲ ਖੇਡਣਾ ਜਾਂ ਉਲੰਘਣਾ ਕਰਨਾ ਸਾਡੇ ਲੋਕਤੰਤਰ ਲਈ ਖਤਰਨਾਕ ਹੈ। ਜੋ ਕੋਈ ਅਜਿਹਾ ਕਰਦਾ ਹੈ ਜਾਂ ਅਜਿਹਾ ਕਰਨ ਵਾਲਿਆਂ ਨੂੰ ਸੁਰੱਖਿਆ ਦਿੰਦਾ ਹੈ, ਉਸ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਨਿਆਂ ਪ੍ਰਣਾਲੀ ਅਤੇ ਕਾਨੂੰਨ ਦੇ ਸ਼ਾਸਨ ਦਾ ਹਰ ਸਮੇਂ ਸਨਮਾਨ ਕਰਨਾ ਯਕੀਨੀ ਬਣਾਉਣ ਲਈ ਸਮੂਹਿਕ ਯਤਨ ਕੀਤੇ ਜਾਣੇ ਚਾਹੀਦੇ ਹਨ।

ਇਸ ਤੋਂ ਪਹਿਲਾਂ ਕਾਂਗਰਸ ਦੀ ਜਨਰਲ ਸਕੱਤਰ ਅਤੇ ਪਾਰਟੀ ਦੇ ਯੂ ਪੀ ਮਾਮਲਿਆਂ ਦੀ ਇੰਚਾਰਜ ਪ੍ਰਿਅੰਕਾ ਗਾਂਧੀ ਵਾਡਰਾ ਨੇ ਟਵਿੱਟਰ 'ਤੇ ਇਸ ਮਾਮਲੇ 'ਤੇ ਕਾਂਗਰਸ ਦਾ ਇਹੀ ਨਜ਼ਰੀਆ ਸਾਂਝਾ ਕੀਤਾ ਸੀ।

ਬਠਿੰਡਾ ਛਾਉਣੀ 'ਚ 5 ਜਵਾਨਾਂ ਦੀ ਮੌਤ ਦੀ ਨਿਰਪੱਖ ਜਾਂਚ ਦੀ ਮੰਗ

ਬਠਿੰਡਾ (ਬਖਤੌਰ ਢਿੱਲੋਂ)

ਸਥਾਨਕ ਮਿਲਟਰੀ ਸਟੇਸ਼ਨ ਅੰਦਰ ਪਿਛਲੇ ਦਿਨੀਂ ਚਾਰ ਜਵਾਨਾਂ ਦੇ ਹੋਏ ਕਤਲਾਂ ਦੀ ਤਫ਼ਤੀਸ਼ ਸੰਬੰਧੀ ਸਹਿਯੋਗ ਲਈ ਜਿੱਥੇ ਪੁਲਸ ਵੱਲੋਂ ਫੌਜੀ ਅਧਿਕਾਰੀਆਂ ਨੂੰ ਸੀ ਆਰ ਪੀ ਸੀ ਦੀ ਧਾਰਾ 160 ਅਧੀਨ ਪ੍ਰਵਾਨਾ ਭੇਜਣ ਦੀ ਜਾਣਕਾਰੀ ਮਿਲੀ ਹੈ, ਉੱਥੇ ਇਸ ਗੰਭੀਰ ਅਪਰਾਧ ਦੇ ਹੁਣ ਤੱਕ ਹੱਲ ਨਾ ਹੋਣ ਸੰਬੰਧੀ ਕਈ ਤਰ੍ਹਾਂ ਦੇ ਚਰਚੇ ਵੀ ਹੋਣ ਲੱਗ ਪਏ ਹਨ। ਜ਼ਿਕਰਯੋਗ ਹੈ ਕਿ 12 ਅਪਰੈਲ ਦੇ ਵੱਡੇ ਤੜਕੇ ਸਥਾਨਕ ਮਿਲਟਰੀ ਸਟੇਸ਼ਨ ਦੇ ਜੀ ਓ ਮੈੱਸ ਦੇ ਨਜ਼ਦੀਕ ਬੈਰਕ ਵਿੱਚ ਅਗਿਆਤ ਵਿਅਕਤੀਆਂ ਨੇ ਫੌਜ ਦੇ ਚਾਰ ਜਵਾਨਾਂ ਨੂੰ ਕਤਲ ਕਰ ਦਿੱਤਾ ਸੀ। ਜੋ ਤਾਮਿਲਨਾਡੂ ਅਤੇ ਕਰਨਾਟਕ ਰਾਜਾਂ ਨਾਲ ਸੰਬੰਧਤ ਸਨ। ਉਸ ਤੋਂ ਅਗਲੇ ਦਿਨ ਇੱਕ ਹੋਰ ਜਵਾਨ, ਜੋ ਸੰਤਰੀ ਡਿਊਟੀ 'ਤੇ ਤਾਇਨਾਤ ਸੀ, ਦੀ ਵੀ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਮੌਤ ਦਾ ਅਸਲੀ ਕਾਰਨ ਕੀ ਹੈ? ਇਹ ਜਾਣਕਾਰੀ ਤਾਂ ਭਾਵੇਂ ਨਹੀਂ ਮਿਲ ਸਕੀ, ਪਰ ਦੋ ਦਿਨਾਂ ਦੇ ਅਰਸੇ ਦੌਰਾਨ ਦੇਸ਼ ਦੇ ਅਹਿਮ ਮਿਲਟਰੀ ਸਟੇਸ਼ਨ ਵਿਖੇ ਪੰਜ ਜਵਾਨਾਂ ਦੀ ਮੌਤ ਚਿੰਤਾ ਦਾ ਕਾਰਨ ਹੈ। ਨਿਯਮਾਂ ਅਨੁਸਾਰ ਕਿਸੇ ਵੀ ਫੌਜਦਾਰੀ ਘਟਨਾਕ੍ਰਮ ਸੰਬੰਧੀ ਕਾਨੂੰਨੀ ਕਾਰਵਾਈ ਕਰਨ ਲਈ, ਕਿਉਂਕਿ ਸੰਬੰਧਤ ਰਾਜ ਦੀ ਪੁਲਿਸ ਹੀ ਅਧਿਕਾਰਤ ਹੁੰਦੀ ਹੈ, ਇਸ ਲਈ ਥਾਣਾ ਕੈਂਟ ਦੀ ਪੁਲਸ ਨੇ ਚਾਰ ਜਵਾਨਾਂ ਦੇ ਕਤਲ ਸੰਬੰਧੀ ਫੌਜ ਦੇ ਹੀ ਇੱਕ ਕਰਮਚਾਰੀ ਦੇ ਬਿਆਨ ਦੇ ਆਧਾਰ 'ਤੇ ਮੁਕੱਦਮਾ ਦਰਜ ਕਰ ਲਿਆ ਸੀ। ਐੱਫ ਆਈ ਆਰ ਮੁਤਾਬਕ ਚਸ਼ਮਦੀਦ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣਨ ਉਪਰੰਤ ਜਦ ਆਲੇ-ਦੁਆਲੇ ਦੇਖਿਆ ਤਾਂ ਦੋ ਵਿਅਕਤੀ, ਜਿਹਨਾਂ 'ਚੋਂ ਇੱਕ ਦੇ ਹੱਥ ਵਿੱਚ ਰਾਈਫਲ ਤੇ ਦੂਜੇ ਦੇ ਹੱਥ ਵਿੱਚ ਕੁਹਾੜੀ ਸੀ, ਨੂੰ ਜੰਗਲ ਵੱਲ ਜਾਂਦੇ ਦੇਖਿਆ। ਇਸ ਤੋਂ ਵੱਧ ਇਸ ਗੰਭੀਰ ਵਾਰਦਾਤ ਸੰਬੰਧੀ ਕੋਈ ਹੋਰ ਜਾਣਕਾਰੀ ਨਹੀਂ, ਜਿਸ ਦਾ ਜ਼ਿਕਰ ਕੀਤਾ ਜਾ ਸਕੇ। ਜੋ ਜ਼ਿਕਰ ਕਰਨਾ ਬਣਦਾ ਹੈ, ਉਹ ਇਹ ਕਿ ਅਜੇ ਤੱਕ ਨਾ ਤਾਂ ਪੁਲਸ ਦੀ ਜਾਂਚ ਵਿੱਚ ਕੋਈ ਵਰਨਣਯੋਗ ਕਾਰਵਾਈ ਹੋਈ ਹੈ ਅਤੇ ਨਾ ਹੀ ਫੌਜ ਦੇ ਕਿਸੇ ਵੱਡੇ ਅਧਿਕਾਰੀ ਜਾਂ ਪੰਜਾਬ ਦੇ ਗ੍ਰਹਿ ਵਿਭਾਗ ਜਾਂ ਚੁਣੇ ਹੋਏ ਕਿਸੇ ਜਨਤਕ ਪ੍ਰਤੀਨਿਧ ਨੇ ਇਸ ਸੰਬੰਧੀ ਆਪਣੀ ਜ਼ੁਬਾਨ ਖੋਲ੍ਹੀ ਹੈ। ਅਜਿਹੀ ਉਦਾਸੀਨਤਾ ਦੇ ਚਲਦਿਆਂ ਆਮ ਲੋਕਾਂ ਵਿੱਚ ਕਈ ਤਰ੍ਹਾਂ ਦੀਆਂ ਧਾਰਨਾਵਾਂ ਦੀ ਉਧੇੜ-ਬੁਣ ਹੋ ਰਹੀ ਹੈ, ਬਲਕਿ ਕੁਝ ਗੈਰ-ਜ਼ਿੰਮੇਵਾਰ ਅਨਸਰਾਂ ਵੱਲੋਂ ਅਫ਼ਵਾਹਾਂ ਵੀ ਫੈਲਾਈਆਂ ਜਾ ਰਹੀਆਂ ਹਨ। ਜਾਂਚ ਨੂੰ ਕਿਸੇ ਸਿੱਟੇ ਤੱਕ ਲਿਜਾਣ ਲਈ ਹੁਣ ਥਾਣਾ ਕੈਂਟ ਦੀ ਪੁਲਸ ਨੇ ਸੀ ਆਰ ਪੀ ਸੀ ਦੀ ਧਾਰਾ 160 ਅਧੀਨ ਮਿਲਟਰੀ ਸਟੇਸ਼ਨ ਦੇ ਕਰਮਚਾਰੀਆਂ ਨੂੰ ਤਫ਼ਤੀਸ਼ ਵਿੱਚ ਸ਼ਾਮਲ ਹੋਣ ਲਈ ਨੋਟਿਸ ਭੇਜਿਆ ਹੈ।

ਦੂਜੇ ਪਾਸੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ, ਜੋ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਵੀ ਹਨ, ਨੇ ਫੌਜ ਦੇ ਕਿਸੇ ਵੱਡੇ ਅਧਿਕਾਰੀ, ਪੰਜਾਬ ਸਰਕਾਰ ਦੇ ਪ੍ਰਤੀਨਿਧ ਅਤੇ ਬਠਿੰਡਾ ਤੋਂ ਪਾਰਲੀਮੈਂਟ ਦੀ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਇਸ ਗੰਭੀਰ ਮੁੱਦੇ ਪ੍ਰਤੀ ਅਪਣਾਈ ਚੁੱਪ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਭਾਵੇਂ ਦੇਸ਼ ਦੀ ਅੰਦਰੂਨੀ ਸਥਿਤੀ ਪ੍ਰਤੀ ਫੌਜ ਦੇ ਕੀਤੇ ਇਸਤੇਮਾਲ ਸੰਬੰਧੀ ਉਹਨਾ ਦੀ ਰਾਏ ਆਮ ਸਿਆਸੀ ਆਗੂਆਂ ਨਾਲੋਂ ਅਲੱਗ ਹੈ, ਪਰੰਤੂ ਮਨੁੱਖੀ ਜਾਨਾਂ ਦੇ ਹੋਏ ਨੁਕਸਾਨ ਦੀ ਗੰਭੀਰਤਾ ਨੂੰ ਸਮਝਦਿਆਂ ਉਹ ਇਸ ਮਾਮਲੇ ਦੀ ਉੱਚ ਪੱਧਰੀ ਨਿਰਪੱਖ ਜਾਂਚ ਦੀ ਮੰਗ ਕਰਦੇ ਹਨ।

ਕਰਨਾਟਕ ਦਾ ਸਾਬਕਾ ਮੁੱਖ ਮੰਤਰੀ ਸ਼ੈਟਾਰ ਭਾਜਪਾ ਤੋਂ ਰੁੱਸਿਆ

ਬੇਂਗਲੂਰੂ : ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਜਗਦੀਸ਼ ਸ਼ੈਟਾਰ (67) ਨੇ 10 ਮਈ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਵੱਲੋਂ ਟਿਕਟ ਨਾ ਦਿੱਤੇ ਜਾਣ ਤੋਂ ਬਾਅਦ ਐਤਵਾਰ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ।

ਉਨ੍ਹਾ ਕਿਹਾ ਕਿ ਉਹ ਭਾਜਪਾ ਦੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦੇਣਗੇ। ਛੇ ਵਾਰ ਵਿਧਾਇਕ ਰਹੇ ਸ਼ੈਟਾਰ ਹੁਬਲੀ-ਧਾਰਵਾੜ ਕੇਂਦਰੀ ਸੀਟ ਤੋਂ ਭਾਜਪਾ ਦੀ ਟਿਕਟ 'ਤੇ ਕਿਸਮਤ ਅਜ਼ਮਾਉਣਾ ਚਾਹੁੰਦੇ ਸਨ, ਪਰ ਪਾਰਟੀ ਨੇ ਇਨਕਾਰ ਕਰ ਦਿੱਤਾ। ਮੁੱਖ ਮੰਤਰੀ ਬਸਵਰਾਜ ਬੋਮਈ ਅਤੇ ਕੇਂਦਰੀ ਮੰਤਰੀਆਂ ਪ੍ਰਹਿਲਾਦ ਜੋਸ਼ੀ ਤੇ ਧਰਮਿੰਦਰ ਪ੍ਰਧਾਨ ਨੇ ਸਨਿੱਚਰਵਾਰ ਦੇਰ ਰਾਤ ਤੱਕ ਸ਼ੈਟਾਰ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੇ ਸਟੈਂ

17-APRIL-PAGE-1.qxd 4/16/2023 8:43 PM Page 2

ਸੰਧਵਾਂ ਨੇ ਸੋਲਰ ਸਿਸਟਮ ਦਾ ਕੀਤਾ ਉਦਘਾਟਨ

ਕੋਟਕਪੂਰਾ (ਸ਼ਾਮ ਲਾਲ ਚਾਵਲਾ)-ਵਿਧਾਨ ਸਭਾ ਸਪੀਕਰ ਪੰਜਾਬ ਕੁਲਤਾਰ ਸਿੰਘ ਸੰਧਵਾਂ ਖਾਲਸਾ ਸਾਜਨਾ ਦਿਵਸ ਦੇ ਪਾਵਨ ਦਿਹਾੜੇ ਸ਼੍ਰੋਮਣੀ ਸੰਗਤ ਧਰਮਸ਼ਾਲਾ ਕੋਟਕਪੂਰਾ ਵਿਖੇ ਰਖਾਏ ਗਏ ਪਾਠ ਦੇ ਭੋਗ ਸਮਾਗਮ 'ਚ ਨਤਮਸਤਕ ਹੋਏ ਅਤੇ ਲੋਕਾਂ ਵੱਲੋਂ ਬਖਸ਼ੇ ਖਜ਼ਾਨੇ ਚੋਂ ਪੰਜ ਲੱਖ ਰੁਪਏ ਦੀ ਲਾਗਤ ਨਾਲ ਲਗਾਏ ਸੋਲਰ ਸਿਸਟਮ ਦਾ ਉਦਘਾਟਨ ਕੀਤਾ। ਇਸ ਮੌਕੇ ਪੀ ਆਰ ਓ ਮਨਪ੍ਰੀਤ ਸਿੰਘ ਧਾਲੀਵਾਲ ਤੋਂ ਇਲਾਵਾ ਪ੍ਰਧਾਨ ਗੁਰਜੈਟ ਸਿੰਘ, ਬਲਰਾਜ ਸਿੰਘ, ਇਕਬਾਲ ਸਿੰਘ ਬਰਾੜ ਅਤੇ ਅਮਨਦੀਪ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਮੌਜੂਦ ਸਨ।

ਪਬਲਿਕ ਸਕੂਲ ਮਾਣੂੰਕੇ 'ਚ ਦਸਤਾਰ ਮੁਕਾਬਲੇ

ਹਠੂਰ (ਨਛੱਤਰ ਸੰਧੂ)-ਭਾਈ ਦਾਨ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਮਾਣੂੰਕੇ ਵੱਲੋਂ ਖਾਲਸਾ ਪੰਥ ਦੀ ਸਾਜਨਾ ਦੇ ਸੰਬੰਧ ਵਿੱਚ ਸਕੂਲ ਦੇ ਅੱਠਵੀਂ ਕਲਾਸ ਤੱਕ ਦੇ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਗਾਏ। ਕੁੱਲ 25 ਬੱਚਿਆਂ ਨੇ ਹਿੱਸਾ ਲਿਆ, ਜਿਨ੍ਹਾ ਵਿੱਚੋ 6 ਬੱਚਿਆਂ ਨੇ ਪੁਜ਼ੀਸ਼ਨਾਂ ਹਾਸਲ ਕੀਤੀਆਂ। ਮਨਵੀਰ ਸਿੰਘ ਡੱਲਾ, ਪ੍ਰਬਜੋਤ ਸਿੰਘ ਰਸੂਲਪੁਰ ਨੇ ਪਹਿਲਾ ਸਥਾਨ, ਜਸਕਰਨ ਸਿੰਘ ਗਹਿਲਾ, ਗੁਰਨੂਰ ਸਿੰਘ ਦੇਹੜਕਾ ਨੇ ਦੂਸਰਾ ਸਥਾਨ ਅਤੇ ਜਗਵੀਰ ਸਿੰਘ ਦੇਹੜਕਾ, ਭਵਨਜੋਤ ਸਿੰਘ ਲੱਖਾ ਨੇ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਗੁਰਮੁਖ ਸਿੰਘ ਸੰਧੂ ਅਤੇ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਸੋਹਲ ਨੇ ਪੁਜ਼ੀਸ਼ਨਾਂ ਵਾਲੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਦਸਤਾਰ ਦੀ ਮਹੱਤਤਾ ਨੂੰ ਸਿੱਖ ਕੌਮ ਵਿੱਚ ਵਾਧਾ ਹੋਣ 'ਤੇ ਵਧਾਈ ਦਿੱਤੀ ਅਤੇ ਖਾਲਸਾ ਪੰਥ ਦੀ ਸਥਾਪਨਾ ਬਾਰੇ ਦੱਸਿਆ। ਇਸ ਮੌਕੇ ਧਾਰਮਕ ਅਧਿਆਪਕ ਸੁਖਮਿੰਦਰ ਕੌਰ, ਜਗਵੰਤ ਕੌਰ ਤੇ ਜਗਸੀਰ ਸਿੰਘ ਵੀ ਹਾਜ਼ਰ ਸਨ।

ਖਿੱਚ ਦਾ ਕੇਂਦਰ ਬਣਿਆ ਮੇਲਾ ਵਿਸਾਖੀ ਮੌਕੇ ਤਰਕਸ਼ੀਲ ਸਮਾਗਮ

ਤਲਵੰਡੀ ਸਾਬੋ (ਜਗਦੀਪ ਗਿੱਲ)-ਭੂਤਾਂ-ਪਰੇਤਾਂ, ਜਿੰਨ ਕੁਚੀਲਾਂ ਅਤੇ ਦੁਨੀਆ ਭਰ ਵਿੱਚ ਵਾਪਰਦੇ ਹਰ ਗੈਰ-ਵਿਗਿਆਨਕ ਵਰਤਾਰੇ ਨੂੰ ਵਿਗਿਆਨਕ ਨਜ਼ਰੀਏ ਤੋਂ ਰੱਦ ਕਰਨ ਵਾਲੀ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵੀ ਹਰ ਸਾਲ ਦੀ ਤਰ੍ਹਾਂ ਮੇਲਾ ਵਿਸਾਖੀ ਮੌਕੇ ਦਮਦਮਾ ਸਾਹਿਬ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਇਸ ਮੌਕੇ ਜਿੱਥੇ ਵੱਡੀ ਤਾਦਾਦ ਵਿੱਚ ਲੋਕਾਂ ਨੇ ਤਰਕਸ਼ੀਲ ਸਾਹਿਤ ਖਰੀਦਣ ਵਿੱਚ ਵੱਡੀ ਦਿਲਚਸਪੀ ਵਿਖਾਈ, ਉਥੇ ਤਰਕਸ਼ੀਲ ਬੁਲਾਰਿਆਂ ਨੇ ਆਪਣੀਆਂ ਠੋਸ ਅਤੇ ਵਿਗਿਆਨਕ ਦਲੀਲਾਂ ਰਾਹੀਂ ਸਾਡੇ ਰਸਮੀ ਤੇ ਵਹਿਮੀ ਸਮਾਜ ਨੂੰ ਵਹਿਮ ਭਰਮ ਤਿਆਗ ਕੇ ਸਮੇਂ ਦੇ ਹਾਣ ਦਾ ਹੋਣ ਦਾ ਹੋਕਾ ਦਿੱਤਾ। ਬੁਲਾਰਿਆਂ ਨੇ ਅੰਧ ਵਿਸ਼ਵਾਸ ਫੈਲਾ ਰਹੇ ਪਖੰਡੀਆਂ ਨੂੰ ਕਿਹਾ ਕਿ ਜਾਂ ਤਾਂ ਉਹ ਆਪਣੀਆਂ ਪਖੰਡ ਅਧਾਰਤ ਦੁਕਾਨਾਂ ਬੰਦ ਕਰਨ ਜਾਂ ਫਿਰ ਤਰਕਸ਼ੀਲਾਂ ਵੱਲੋਂ ਦਿੱਤੀ ਚੁਣੌਤੀ ਕਬੂਲ ਕਰਕੇ 5 ਲੱਖ ਰੁਪਏ ਦਾ ਇਨਾਮ ਜਿੱਤਣ ਲਈ ਅੱਗੇ ਆਉਣ।

ਸ੍ਰੀ ਗੁਰੂ ਰਵਿਦਾਸ ਜੀ ਪਰਵਾਰ ਨੇ ਬੂਟੇ ਲਗਾਏ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸ੍ਰੀ ਗੁਰੂ ਰਵੀਦਾਸ ਜੀ ਪਰਿਵਾਰ ਪਿੰਡ ਲਹਿਰਾ ਧੂਰਕੋਟ ਵੱਲੋਂ ਵਿਸਾਖੀ ਤੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਲਹਿਰਾ ਧੂਰਕੋਟ ਵਿਖੇ ਵੱਖ-ਵੱਖ ਤਰ੍ਹਾਂ ਦੇ ਫੁੱਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਪ੍ਰਧਾਨ ਬੰਟੀ ਲਹਿਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਸ਼ੇਸ਼ ਦਿਨਾਂ ਨੂੰ ਯਾਦਗਾਰੀ ਬਣਾਉਂਦੇ ਹੋਏ ਸਾਨੂੰ ਰਲ-ਮਿਲ ਕੇ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਗੁਰੂ ਰਵਿਦਾਸ ਜੀ ਪਰਿਵਾਰ ਅਜਿਹੇ ਖਾਸ ਦਿਨਾਂ ਨੂੰ ਬੂਟੇ ਲਗਾ ਕੇ ਮਨਾਉਂਦਾ ਹੈ ਤੇ ਲਗਾਏ ਹੋਏ ਪੌਦਿਆਂ ਦੀ ਸਾਂਭ-ਸੰਭਾਲ ਵੀ ਕਰਦਾ ਹੈ। ਇਸ ਮੌਕੇ ਗੁਰਮੇਲ ਸਿੰਘ, ਕਰਨ ਲਹਿਰਾ, ਏਕਮ ਸਿੱਧੂ, ਨੂਰ ਸਿੰਘ, ਵਿੱਕੀ ਲਹਿਰਾ, ਹਰਵਿੰਦਰ ਹੈਰੀ, ਰਾਜਵੀਰ ਸਿੰਘ ਤੇ ਅਸ਼ਮਿਤ ਸਿੰਘ ਆਦਿ ਹਾਜ਼ਰ ਸਨ।

ਪੰਜਵੀਂ ਦੀ ਪ੍ਰੀਖਿਆ 'ਚੋਂ ਮੋਹਰੀ ਬੱਚਿਆਂ ਦਾ ਸਨਮਾਨ

ਮਾਨਸਾ (ਪਮਾਰ)-ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਦੇ ਪੰਜਵੀਂ ਜਮਾਤ ਦੀ ਪ੍ਰੀਖਿਆ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਜੋਬਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ ਤੇ ਸੁਖਮਨਜੋਤ ਕੌਰ ਦਾ ਸਮਾਜ ਸੇਵੀ ਸੁਖਦੀਪ ਕੌਰ ਸੇਵਾ ਮੁਕਤ ਸਿਹਤ ਵਿਭਾਗ ਵੱਲੋਂ ਨਕਦ ਰਾਸ਼ੀ ਤੇ ਸਕੂਲ ਸਟਾਫ ਵੱਲੋਂ ਯਾਦਗਾਰੀ ਟਰਾਫੀਆਂ ਦੇ ਕੇ ਸਨਮਾਨ ਕੀਤਾ ਗਿਆ। ਸਕੂਲ ਮੁਖੀ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਸਾਰੇ ਬੱਚੇ ਪੰਜਵੀਂ ਜਮਾਤ ਦੀ ਪ੍ਰੀਖਿਆ 'ਚੋਂ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ ਹਨ। ਸੁਖਦੀਪ ਕੌਰ ਵੱਲੋਂ ਭਵਿੱਖ 'ਚ ਵੀ ਸਕੂਲ ਦੀਆਂ ਚੰਗੀਆਂ ਪ੍ਰਾਪਤੀਆਂ ਵਾਸਤੇ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਵਾਅਦਾ ਕੀਤਾ। ਇਸ ਸਮੇਂ ਸਕੂਲ ਸਟਾਫ ਅਧਿਆਪਕ ਸੁਰਜੀਤ ਸਿੰਘ, ਗੁਰਦੀਪ ਸਿੰਘ, ਅਸਵਿੰਦਰ ਸਿੰਘ, ਅਵਤਾਰ ਸਿੰਘ, ਆਂਗਨਵਾੜੀ ਸਟਾਫ ਦਰਸਨਾ ਦੇਵੀ, ਗੀਤਾ ਰਾਣੀ, ਮਾਪੇ ਤੇ ਬੱਚੇ ਹਾਜ਼ਰ ਸਨ।

ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੂੰ ਕੀਤਾ ਸਨਮਾਨਤ

ਜਗਰਾਓਂ (ਅਮਿਤ ਖੰਨਾ)-ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਹਾੜਾ ਸਫਾਈ ਸੇਵਕ ਯੂਨੀਅਨ ਪੰਜਾਬ ਬ੍ਰਾਂਚ ਨਗਰ ਕੌਂਸਲ ਜਗਰਾਓਂ ਤੋਂ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਤੇ ਸਲਾਹਕਾਰ ਕੁਲਵੰਤ ਸਹੋਤਾ ਦੀ ਅਗਵਾਈ ਹੇਠ ਸੂਬਾ ਪੱਧਰ 'ਤੇ ਧੂਮ ਧਾਮ ਤੇ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੂੰ ਸਨਮਾਨਤ ਕੀਤਾ। ਇਸ ਮੌਕੇ ਪ੍ਰਧਾਨ ਰਾਜਿੰਦਰ ਸਿੰਘ ਰਿਕੂ, ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਬਲਵੀਰ ਸਿੰਘ ਸਿਵੀਆਂ, ਭਵਨਜੀਤ ਸਿੰਘ ਉੱਭੀ, ਹਾਕਮ ਸਿੰਘ ਸੀਹਰਾ, ਜਸਵੀਰ ਸਿੰਘ ਧਾਲੀਵਾਲ, ਗੁਰਚਰਨ ਸਿੰਘ ਘਟੌੜਾ, ਗੁਰਮੇਲ ਸਿੰਘ ਮਠਾੜੂ, ਸੁਖਵਿੰਦਰ ਸਿੰਘ ਸੋਨੀ, ਬਲਵਿੰਦਰ ਸਿੰਘ ਪੱਪਾ, ਸੁਖਦੇਵ ਸਿੰਘ ਸੁਧਾਰਿਆ, ਗੁਰਦੇਵ ਸਿੰਘ ਮੱਲ੍ਹਾ, ਹਰਦਿਆਲ ਸਿੰਘ ਮੁੰਡੇ, ਰਾਜਵੰਤ ਸਿੰਘ ਸੱਗੂ, ਪਰਮਜੀਤ ਸਿੰਘ, ਆਦਿ ਹਾਜ਼ਰ ਸਨ।

ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸ੍ਰੀ ਗੁਰੂ ਰਵਿਦਾਸ ਧਰਮ ਪ੍ਰਚਾਰ ਕਮੇਟੀ ਧੂਰੀ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਦਿਹਾੜਾ ਧਰਮਸ਼ਾਲਾ ਨੇੜੇ ਗੁਰੂ ਰਵਿਦਾਸ ਮੰਦਿਰ ਧੂਰੀ ਪਿੰਡ ਵਿਖੇ ਮਨਾਇਆ ਗਿਆ। ਇਸ ਮੌਕੇ ਭਗਵਾਨ ਦਲਿਤ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ, ਰਛਪਾਲ ਸਿੰਘ (ਜ਼ਿਲ੍ਹਾ ਕਮਾਂਡੈਂਟ), ਬਿਕਰਮਜੀਤ ਸਿੰਘ ਤੇ ਬਹਾਲ ਸਿੰਘ ਬੇਨੜਾ ਨੇ ਆਪਣੇ ਵੱਖ ਵੱਖ ਵਿਚਾਰਾਂ ਜ਼ਰੀਏ ਲੋਕਾਂ ਨੂੰ ਬਾਬਾ ਸਾਹਿਬ ਵੱਲੋਂ ਦਲਿਤ ਭਾਈਚਾਰੇ ਨੂੰ ਗੁਲਾਮੀ ਦੀ ਜ਼ੰਜੀਰ 'ਚੋਂ ਅਜ਼ਾਦ ਕਰਵਾਉਣ ਲਈ ਕੀਤੇ ਸੰਘਰਸ਼ ਬਾਰੇ ਜਾਣੂ ਕਰਵਾਇਆ ਤੇ ਬਾਬਾ ਸਾਹਿਬ ਦੀ ਸੋਚ ਉੱਪਰ ਡਟੇ ਰਹਿਣ ਲਈ ਪ੍ਰੇਰਿਆ। ਇਸ ਮੌਕੇ ਸੁਰੇਸ਼ ਕੁਮਾਰ, ਬਲਵੀਰ ਸਿੰਘ, ਰਮਨਦੀਪ ਸਿੰਘ, ਜਗਸੀਰ ਸਿੰਘ, ਗੁਰਮੀਤ ਸਿੰਘ, ਨਿਰੰਕਾਰ ਸਿੰਘ ਆਦਿ ਹਾਜ਼ਰ ਸਨ।

ਰਾਜਸਥਾਨ ਫੀਡਰ ਨਹਿਰ ਦੇ ਪੁਲ਼ ਦੀ ਪੱਕੀ ਉਸਾਰੀ ਜਲਦ ਨਾ ਕੀਤੀ ਤਾਂ ਵਿੱਢਾਂਗੇ ਸੰਘਰਸ਼ : ਝਬੇਲਵਾਲੀ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਕਿਰਤੀ ਕਿਸਾਨ ਯੂਨੀਅਨ ਵੱਲੋਂ ਰਾਜਸਥਾਨ ਫੀਡਰ ਨਹਿਰ ਦੇ ਪਿੰਡ ਝਬੇਲਵਾਲੀ ਨਜ਼ਦੀਕ ਆਰਜ਼ੀ ਚਾਲੂ ਕੀਤੇ ਪੁਲ ਦੀ ਪੱਕੇ ਤੌਰ 'ਤੇ ਉਸਾਰੀ ਕਰਾਉਣ ਦੀ ਮੰਗ ਨੂੰ ਲੈ ਕੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਸੂਬਾ ਕਮੇਟੀ ਮੈਂਬਰ ਬਲਜੀਤ ਸਿੰਘ ਲੰਡੇ ਰੋਡੇ ਤੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਕਿਹਾ ਪਿੰਡ ਝਬੇਲਵਾਲੀ ਦੇ ਕਿਸਾਨਾਂ ਦਾ ਜ਼ਿਆਦਾ ਰਕਬਾ ਰਾਜਸਥਾਨ ਫੀਡਰ ਨਾਹਿਰ ਦੇ ਦੂਜੇ ਪਾਸੇ ਹੋਣ ਕਰਕੇ ਕਿਸਾਨਾਂ ਨੂੰ ਆਪਣੇ ਖੇਤਾਂ 'ਚ ਆਉਣ-ਜਾਣ ਲਈ ਅੱਠ-ਦਸ ਕਿਲੋਮੀਟਰ ਵਕਫ਼ਾ ਵੱਧ ਤਹਿ ਕਰਨਾ ਪੈਂਦਾ ਤੇ ਹੁਣ ਹਾੜੀ ਦੀ ਫ਼ਸਲ ਦੀ ਕਟਾਈ ਹੋਣ ਕਾਰਨ ਹੋਰ ਵੀ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ ਨਹਿਰੋਂ ਪਾਰ ਬਹੁਤ ਸਾਰੇ ਪਿੰਡਾਂ ਦੇ ਲੋਕ ਜੋ ਰੋਜ਼ਾਨਾ ਆਪਣੇ ਕੰਮਕਾਰ ਲਈ ਸ੍ਰੀ ਮੁਕਤਸਰ ਸ਼ਹਿਰ ਆਉਂਦੇ ਜਾਂਦੇ ਹਨ, ਪਰ ਚਾਰ ਪਹੀਆ ਵਾਹਨ ਪੁਲ਼ ਉੱਤੋਂ ਦੀ ਨਾ ਲੰਘਣ ਕਰਕੇ ਵੱਡੀ ਖੱਜਲ ਖੁਆਰੀ ਦਾ ਸਾਹਮਣਾ ਕਰਨ ਲਈ ਮਜਬੂਰ ਹਨ, ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੌਂ ਰਿਹਾ ਜ਼ਿੰਮੇਵਾਰ ਅਫ਼ਸਰਸ਼ਾਹੀ ਦਾ ਪੀੜਤ ਲੋਕਾਂ ਦੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ। ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮਸਲੇ ਦਾ ਪੁਖਤਾ ਹੱਲ ਕੀਤਾ ਜਾਵੇ। ਜੇਕਰ ਪੁਲ਼ ਦੀ ਉਸਾਰੀ ਦਾ ਕੰਮ ਜਲਦ ਸ਼ੁਰੂ ਨਾ ਹੋਇਆ ਤਾਂ ਕਿਰਤੀ ਕਿਸਾਨ ਯੂਨੀਅਨ ਪੀੜਤ ਪਿੰਡਾਂ ਦੇ ਲੋਕਾਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ। ਇਸ ਮੌਕੇ ਬਲਵਿੰਦਰ ਸਿੰਘ ਥਾਂਦੇਵਾਲਾ, ਰਣਜੀਤ ਸਿੰਘ ਝਬੇਲਵਾਲੀ, ਤੇਜ ਸਿੰਘ ਖਾਲਸਾ, ਬਲਜੀਤ ਸਿੰਘ ਫੌਜੀ, ਭੋਲਾ ਸਿੰਘ ਲੰਡੇ ਰੋਡੇ, ਕਰਮਜੀਤ ਕੌਰ, ਜਸਪ੍ਰੀਤ ਕੌਰ, ਜਗਦੀਪ ਕੌਰ, ਗੁਰਪਿੰਦਰ ਕੌਰ, ਗਿਆਨ ਕੌਰ ਤੇ ਦਰਸ਼ਨ ਸਿੰਘ ਆਦਿ ਆਗੂ ਹਾਜ਼ਰ ਸਨ।

ਮਾਰਕਫੈੱਡ ਦੇ ਚੇਅਰਮੈਨ ਮੋਹੀ ਨੇ ਵੱਖ-ਵੱਖ ਮੰਡੀਆਂ 'ਚ ਕਣਕ ਦੀ ਖਰੀਦ ਸ਼ੁਰੂ ਕਰਵਾਈ

ਜਗਰਾਓਂ (ਨਛੱਤਰ ਸੰਧੂ)

ਚੇਅਰਮੈਨ ਪੰਜਾਬ ਮਾਰਕਫੈੱਡ/ਸੂਬਾ ਸਕੱਤਰ ਅਮਨਦੀਪ ਸਿੰਘ ਮੋਹੀ ਦੀ ਅਗਵਾਈ ਹੇਠ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ, ਚੇਅਰਮੈਨ ਜ਼ਿਲ੍ਹਾ ਵਿੱਤ ਤੇ ਯੋਜਨਾ ਕਮੇਟੀ/ਜ਼ਿਲ੍ਹਾ ਪ੍ਰਧਾਨ ਲੁਧਿਆਣਾ ਸ਼ਰਨਪਾਲ ਸਿੰਘ ਮੱਕੜ ਤੇ ਹਲਕਾ ਦਾਖਾ ਦੇ ਇੰਚਾਰਜ ਡਾ. ਕੇ ਐੱਨ ਐੱਸ ਕੰਗ ਵੱਲੋਂ ਜ਼ਿਲ੍ਹਾ ਲੁਧਿਆਣਾ ਦੀਆਂ ਵੱਖ ਵੱਖ ਮੰਡੀਆਂ ਦਾ ਨਰੀਖਣ ਕਰਕੇ ਖਰੀਦ ਸ਼ੁਰੂ ਕਰਵਾਈ।

ਇਸ ਦੌਰਾਨ ਅਮਨਦੀਪ ਸਿੰਘ ਮੋਹੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਫਸਲ ਸਮਰਥਨ ਮੁੱਲ 'ਤੇ ਖਰੀਦਣ ਲਈ ਵਚਨਬੱਧ ਹੈ ਤੇ ਇਸ ਵਾਰ ਵੀ ਕਿਸਾਨਾਂ ਨੂੰ ਮੰਡੀਆਂ ਵਿੱਚ ਆਉਂਦੇ ਹੀ ਜਲਦ ਤੋਂ ਜਲਦ ਉਨ੍ਹਾਂ ਦੀ ਫਸਲ ਦੀ ਖਰੀਦ ਕਰਕੇ ਅਦਾਇਗੀ ਵੀ ਜਲਦ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਪੰਜਾਬ ਹੀ ਨਹੀਂ ਬਲਕਿ ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਕਿਸਾਨਾਂ ਦੀ ਫਸਲ ਜੋ ਕੁਦਰਤੀ ਕਾਰਨਾਂ ਕਰਕੇ ਖ਼ਰਾਬ ਹੋਈ, ਉਸ ਦਾ ਮੁਆਵਜ਼ਾ ਫ਼ਸਲ ਮੰਡੀ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਕਿਸਾਨਾਂ ਦੇ ਖਾਤਿਆਂ ਵਿੱਚ ਜਾ ਰਿਹਾ ਹੈ, ਇਸ ਦੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ। ਇਸ ਮੌਕੇ ਆਮ ਆਦਮੀ ਪਾਰਟੀ ਵੱਲੋਂ ਕਿਸਾਨ ਵਿੰਗ ਦੇ ਸਟੇਟ ਜੁ. ਸੈਕਟਰੀ ਗੁਰਜੀਤ ਸਿੰਘ ਗਿੱਲ, ਮਟਰੋਡ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਗਰਵਾਲ, ਜਨ. ਸਕੱਤਰ ਯੂਥ ਵਿੰਗ ਮੱਖਣ ਸਿੰਘ ਮੁੱਲਾਂਪੁਰ, ਬਲੌਰ ਸਿੰਘ ਮੁੱਲਾਂਪੁਰ, ਜਸਵਿੰਦਰ ਸਿੰਘ ਜੱਸੀ, ਦਵਿੰਦਰਪਾਲ ਸਿੰਘ ਲਾਡੀ, ਰਜਿੰਦਰਪਾਲ ਸਿੰਘ ਸੰਗੋਵਾਲ, ਮੋਹਨ ਸਿੰਘ ਵਿਰਕ, ਸਾਹਿਬਜੀਤ ਸਿੰਘ, ਬਲਜੀਤ ਸਿੰਘ ਚੌਕੀ, ਕਾਮਰੇਡ ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ, ਅਮਨ ਭੱਠਲ, ਚਰਨਜੀਤ ਸਿੰਘ ਬੁਲਾਰਾ, ਸੋਨੂੰ ਗਿੱਲ, ਸਾਬੀ, ਰਵੀ ਝਾਮਟ, ਮਨਜੀਤ ਸਿੰਘ ਹਰਮਨ, ਵਿਜੈ ਕੇ ਮੋਰੀਆ, ਚਰਨਪ੍ਰੀਤ ਸਿੰਘ ਲਾਂਬਾ, ਮੋਹਨ ਸ਼ਰਮਾ, ਮਨਪ੍ਰੀਤ ਸਿੰਘ ਮੌਜੂਦ ਸਨ।

ਮਾਲਵਾ ਪਬਲਿਕ ਲਾਇਬ੍ਰੇਰੀ ਦੀ ਪੁਨਰ ਸਥਾਪਨਾ ਲਈ ਅਹਿਮ ਮੀਟਿੰਗ

ਧੂਰੀ (ਸੁਖਦੇਵ ਧੂਰੀ)-ਸਥਾਨਕ ਮਾਲਵਾ ਪਬਲਿਕ ਲਾਇਬ੍ਰੇਰੀ ਗੋਲ ਪਾਰਕ (ਧੋਬੀ ਘਾਟ) ਦੀ ਇੱਕ ਵਿਸ਼ੇਸ਼ ਮੀਟਿੰਗ ਸੇਵਾਮੁਕਤ ਇਨਕਮ ਟੈਕਸ ਕਮਿਸ਼ਨਰ ਹਰਜੀਤ ਸਿੰਘ ਸੋਹੀ ਆਈ ਆਰ ਐੱਸ ਦੀ ਪ੍ਰੇਰਨਾ ਨਾਲ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਦੀ ਦੇਖ ਰੇਖ ਵਿੱਚ ਹੋਈ। ਇਸ ਮੀਟਿੰਗ ਵਿੱਚ ਲਾਇਬ੍ਰੇਰੀ ਨੂੰ ਪੁਨਰ ਸੁਰਜੀਤ ਕਰਨ ਲਈ ਆਲੇ ਦੁਆਲੇ ਦੇ ਚੌਥੀ ਤੋਂ ਲੈ ਕ

3-April-PAGE-3.qxd 4/16/2023 8:51 PM Page 1

ਸ਼ਰਧਾਂਜਲੀ ਸਮਾਰੋਹ 'ਤੇ ਵਿਸ਼ੇਸ਼

ਸਦਾ ਲੋਕ ਚੇਤਿਆਂ 'ਚ ਵਸੇ ਰਹਿਣਗੇ: ਸਵ: ਨਿਰਮਲ ਸਿੰਘ ਹਰਿਆਊ

ਇਸ ਸਮਾਜ ਵਿੱਚ ਬਹੁਤ ਘੱਟ ਅਜਿਹੇ ਸੱਜਣ ਹੁੰਦੇ ਹਨ ਜਿਨ੍ਹਾਂ ਵਿੱਚ ਦੂਜਿਆਂ ਦੇ ਕੰਮ ਆਉਣ ਦੀ ਭਾਵਨਾ ਕੰਮ ਕਰਦੀ ਹੈ ਪਰ ਜਿਸ ਪਰਿਵਾਰ ਵਿੱਚ ਨਿਰਸਵਾਰਥ ਲੋਕ ਸੇਵਾ ਦੀ ਲਗਨ ਹੋਵੇ ਉਸ ਪਰਿਵਾਰ ਦੇ ਮੁਖੀ ਨੂੰ ਸਮਾਜ ਸਦਾ ਹੀ ਮਾਣ ਦੀ ਨਿਗਾ ਨਾਲ ਦੇਖਦਾ ਹੈ। ਅਜਿਹੇ ਹੀ ਪਰਿਵਾਰਾਂ ਵਿੱਚੋਂ ਇੱਕ ਹੈ ਪਾਤੜਾਂ ਇਲਾਕੇ ਵਿੱਚ ਵਿਚਰ ਰਿਹਾ ਹਰਿਆਊ ਪਰਿਵਾਰ ।ਇਸ ਪਰਿਵਾਰ ਦਾ ਮੁਖੀ ਚੇਅਰਮੈਂਨ ਨਿਰਮਲ ਸਿੰਘ ਹਰਿਆਊ ਪਿਛਲੇ ਦਿਨੀਂ ਅਚਾਨਕ ਸਦੀਵੀਂ ਵਿਛੋੜਾ ਦੇ ਗਏ ਪਰ ਨਿਰਮਲ ਸਿੰਘ ਅਜਿਹੀ ਮਿਸਾਲੀ ਸਖਸ਼ੀਅਤ ਸਨ ਜਿਹਨਾਂ ਦੇ ਇਸ ਤਰਾਂ ਚਲੇ ਜਾਣ ਮਗਰੋਂ ਵੀ ਉਹ ਲੰਮਾਂ ਸਮਾਂ ਲੋਕਾਂ ਦੇ ਚੇਤਿਆਂ ਵਿੱਚ ਵਸੇ ਰਹਿਣਗੇ।ਭਾਂਵੇ ਉਹ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀ ਸਨ ਪਰ ਦੂਜੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਲੀਡਰ ਵੀ ਉਨ੍ਹਾਂ ਦੀ ਉਨ੍ਹੀ ਹੀ ਕਦਰ ਕਰਦੇ ਹਨ ਜਿੰਨੀ ਉਹਨਾਂ ਦੀ ਆਪਣੀ ਪਾਰਟੀ ਦੇ ਵਰਕਰ ਤੇ ਲੀਡਰ।

ਚੇਅਰਮੈਂਨ ਨਿਰਮਲ ਸਿੰਘ ਦਾ ਜਨਮ ਪਿਤਾ ਅਜ਼ਾਦੀ ਦੀ ਵੰਡ ਦੌਰਾਨ ਪਾਕਿਸਤਾਨ ਤੋਂ ਉਜੜਕੇ ਆਏ ਸ਼੍ਰ ਗੁਰਚਰਨ ਸਿੰਘ ਸੰਧੂ ਦੇ ਘਰ ਮਾਤਾ ਸਵਿੰਦਰ ਕੌਰ ਦੀ ਕੁੱਖੋਂ 1959 ਵਿੱਚ ਮਖੂ ਨੇੜਲੇ ਪਿੰਡ ਸ਼ੀਹਾਂ ਪਾੜੀ ਵਿਖੇ ਹੋਇਆ ।ਉਹ ਹਾਲੇ ਤਿੰਨ ਸਾਲਾਂ ਦੇ ਹੀ ਸੀ ਕਿ ਪਰਿਵਾਰ ਪਾਤੜਾਂ ਨੇੜਲੇ ਪਿੰਡ ਹਰਿਆਊ ਖੁਰਦ ਨੇੜੇ ਆ ਵਸਿਆ।ਵੰਡ ਦਾ ਸੰਤਾਪ ਹੰਢਾ ਚੁੱਕਾ ਪਰਿਵਾਰ ਜਦੋਂ ਆਪਣੇ ਪੈਰਾਂ ਸਿਰ ਹੋਇਆ ਤਾਂ ਛੋਟੇ ਭਰਾ ਬਲਜਿੰਦਰ ਸਿੰਘ ਹਰਿਆਊ ਨੇ ਰਾਜਨੀਤੀ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਤੇ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਗਿਆ।ਅਕਾਲੀ ਦਲ ਵੱਲੋਂ ਲਗਾਏ ਗਏ ਧਰਮ ਯੁੱਧ ਮੋਰਚੇ ਵਿੱਚ ਬਲਜਿੰਦਰ ਸਿੰਘ ਨੂੰ ਜੇਲ੍ਹ ਯਾਤਰਾ ਕਰਨੀ ਪਈ ਤੇ ਉਹ ਲਗਾਤਾਰ 25 ਮਹੀਨੇ ਜੇਲ੍ਹ ਵਿੱਚ ਰਹੇ। ਇਸੇ ਦੌਰਾਨ ਬਲਜਿੰਦਰ ਸਿੰਘ ਦੀ ਨੇੜਤਾ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਹੋ ਗਈ, 1986 ਵਿੱਚ ਪ੍ਰੋ ਚੰਦੂਮਾਜਰਾ ਜਦੋਂ ਪੰਜਾਬ ਦੇ ਸਹਿਕਾਰਤਾ ਮੰਤਰੀ ਸਨ ਤਾਂ ਬਲਜਿੰਦਰ ਸਿੰਘ ਹਰਿਆਊ ਨੂੰ ਮਾਰਕੀਟ ਕਮੇਟੀ ਪਾਤੜਾਂ ਦਾ ਚੇਅਰਮੈਂਨ ਥਾਪ ਦਿੱਤਾ।ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਹਰਿਆਊ ਪਰਿਵਾਰ ਦੀ ਬੇਹੱਦ ਨੇੜਤਾ ਹੈ। ਬਲਜਿੰਦਰ ਸਿੰਘ ਹਰਿਆਊ ਦੀ ਬੇਵਕਤੀ ਮੌਤ ਨੇ ਪਰਿਵਾਰ ਨੂੰ ਹਲੂਣ ਕੇ ਰੱਖ ਦਿੱਤਾ ਪਰ ਪਾਰਟੀ ਨੇ ਸਾਥ ਨਹੀ ਛੱਡਿਆ ਸਗੋਂ ਬਲਜਿੰਦਰ ਸਿੰਘ ਦੀ ਪਤਨੀ ਬੀਬੀ ਹਰਜੀਤ ਕੌਰ ਨੂੰ ਐਸ ਜੀ ਪੀ ਸੀ ਚੋਣ ਲਈ ਟਿਕਟ ਦੇ ਕੇ ਨਿਵਾਜਿਆ ਜਿਸਤੇ ਬੀਬੀ ਹਰਿਆਊ ਨੇ ਸ਼ਾਨਦਾਰ ਜਿੱਤ ਦਰਜ ਕੀਤੀ। ਬਲਜਿੰਦਰ ਸਿੰਘ ਦੇ ਵੱਡੇ ਭਰਾ ਨਿਰਮਲ ਸਿੰਘ ਇੱਕ ਕਾਰੋਬਾਰੀ ਵਿਅਕਤੀ ਸਨ ਪਰ ਭਰਾ ਦੀ ਮੌਤ ਉਪਰੰਤ ਪਾਰਟੀ ਦੀਆਂ ਜਿੰਮੇਵਾਰੀਆਂ ਵੀ ਉਨ੍ਹਾਂ ਦੇ ਸਿਰ ਆ ਪਈਆਂ ਤੇ ਉਹ ਕਾਰੋਬਾਰ ਦੇ ਨਾਲ ਨਾਲ ਪਾਰਟੀ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲੱਗੇ।

2007 ਦੀ ਅਕਾਲੀ ਭਾਜਪਾ ਸਰਕਾਰ ਦੌਰਾਨ ਨਿਰਮਲ ਸਿੰਘ ਹਰਿਆਊ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਮਾਰਕੀਟ ਕਮੇਟੀ ਪਾਤੜਾਂ ਦਾ ਚੇਅਰਮੈਂਨ ਥਾਪ ਦਿੱਤਾ ਤੇ ਅਗਲੀ ਐੱਸ ਜੀ ਪੀ ਸੀ ਚੋਣ ਵਿੱਚ ਵੀ ਉਨ੍ਹਾਂ ਨੂੰ ਟਿਕਟ ਦੇ ਦਿੱਤੀ।ਉਹ ਇੱਕੋ ਸਮੇਂ ਸਿੱਖਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ ਤੇ ਮਾਰਕਿਟ ਕਮੇਟੀ ਪਾਤੜਾਂ ਦਾ ਚੇਅਰਮੈਂਨ ਬਣਨ ਦਾ ਮਾਣ ਵੀ ਉਨ੍ਹਾਂ ਲਗਾਤਾਰ ਦੂਜੀ ਵਾਰ ਉਨ੍ਹਾਂ ਨੂੰ ਹਾਸਲ ਹੋਇਆ। ਸਵਰਗੀ ਚੇਅਰਮੈਂਨ ਨਿਰਮਲ ਸਿੰਘ ਹਰਿਆਊ ਸਫ਼ਲ ਰਾਜਨੀਤੀਵਾਨ ਦੇ ਨਾਲ ਨਾਲ ਇੱਕ ਸਮਾਜ ਸੇਵਕ ਸਨ। ਇਲਾਕੇ ਵਿੱਚ ਹੋਣ ਵਾਲਾ ਕੋਈ ਵੀ ਸਮਾਜਿਕ ਕੰਮ ਉਨ੍ਹਾਂ ਦੀ ਹਾਜ਼ਰੀ ਤੋਂ ਬਿਨਾਂ ਸੱਖਣਾ ਸਮਝਿਆ ਜਾਂਦਾ ਸੀ।

ਪ੍ਰਸਿੱਧ ਸਮਾਜ ਸੇਵੀ ਕਾਮਰੇਡ ਹਰਪਾਲ ਸਿੰਘ ਘੱਗਾ ਵੱਲੋਂ ਚਲਾਏ ਗਏ ਪਬਲਿਕ ਗਰਲਜ਼ ਸਕੂਲ/ਕਾਲਜ਼ (ਟਰੱਸਟ) ਪਾਤੜਾਂ, ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਪ੍ਰਬੰਧਕ ਕਮੇਟੀ ਤੇ ਸਕੂਲ ਟਰੱਸਟ ਦੇ ਸਰਪ੍ਰਸਤ ਦੇ ਨਾਲ ਨਾਲ ਰੋਟਰੀ ਕਲੱਬ ਅਤੇ ਟਰੱਕ ਯੂਨੀਅਨ ਪਾਤੜਾਂ ਦੇ ਲੰਮੇ ਸਮੇਂ ਤੋਂ ਮੈਂਬਰ ਰਹੇ।ਸਵਰਗੀ ਨਿਰਮਲ ਸਿੰਘ ਹਰਿਆਊ ਨਮਿੱਤ **ਸ਼ਰਧਾਜਲੀ ਸਮਾਰੋਹ ਪਿੰਡ ਹਰਿਆਊ (ਨਜ਼ਦੀਕ ਖੰਡ ਮਿੱਲ ਪਾਤੜਾਂ)** ਵਿਖੇ ਹੋਵੇਗਾ। ਜਿਥੇ ਵੱਖ ਵੱਖ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਸਖਸ਼ੀਅਤਾਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੀਆਂ।

ਨਿਸ਼ਾਨ ਸਿੰਘ ਬਣਵਾਲਾ, ਪੱਤਰਕਾਰ ਪਾਤੜਾਂ

ਸਵ: ਨਿਰਮਲ ਸਿੰਘ ਹਰਿਆਊ

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਮੈਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹੋਏ ਅਰਦਾਸ ਕਰਦਾਂ ਹਾਂ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ।

ਬਾਬਾ ਅਮਰੀਕ ਸਿੰਘ ਪਟਿਆਲਾ ਕਾਰ ਸੇਵਾ ਵਾਲੇ

ਹਰਨੇਕ ਸਿੰਘ ਅਰਨੋਂ ਪ੍ਰਧਾਨ ਗੁ. ਤੇਗ ਬਹਾਦਰ ਬਹਿਰ ਸਾਹਿਬ

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਅਸੀਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹੋਏ ਵਾਅਦਾ ਕਰਦੇ ਹਾਂ ਕਿ ਅਸੀਂ ਹਰਿਆਊ ਪਰਿਵਾਰ ਨਾਲ ਸਦਾ ਖੜ੍ਹੇ ਰਹਾਂਗੇ।

ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ

ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋ.ਅ.ਦ.

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਅਸੀਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹੋਏ ਵਾਅਦਾ ਕਰਦੇ ਹਾਂ ਕਿ ਅਸੀਂ ਹਰਿਆਊ ਪਰਿਵਾਰ ਨਾਲ ਸਦਾ ਖੜ੍ਹੇ ਰਹਾਂਗੇ।

ਬਿਕਰਮਜੀਤ ਸਿੰਘ ਮਜੀਠੀਆ ਸਾਬਕਾ ਮੰਤਰੀ

ਸੁਰਜੀਤ ਸਿੰਘ ਰੱਖੜਾ ਸਾਬਕਾ ਮੰਤਰੀ

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਮੈਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦਾ ਹਾਂ।

ਕੁਲਵੰਤ ਸਿੰਘ ਬਾਜੀਗਰ ਵਿਧਾਇਕ ਹਲਕਾ ਸ਼ੁਤਰਾਣਾ

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਮਾਰਕਿਟ ਕਮੇਟੀ ਪਾਤੜਾਂ ਦੇ ਸਾਬਕਾ ਚੇਅਰਮੈਨ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਅਸੀਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹਾਂ।

ਕੰਨਵਰਜੀਤ ਸਿੰਘ (ਰੋਜੀ ਬਰਕੰਦੀ) ਸਾਬਕਾ ਵਿਧਾਇਕ ਮੁਕਤਸਰ

ਬੀਬੀ ਵਨਿੰਦਰ ਕੌਰ ਲੂੰਬਾ ਸਾਬਕਾ ਵਿਧਾਇਕ ਸ਼ੁਤਰਾਣਾ

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਅਸੀਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹਾਂ।

ਨਵਦੀਪ ਕੁਮਾਰ ਐਸ.ਡੀ.ਐਮ. ਪਾਤੜਾਂ

ਗੁਰਦੀਪ ਸਿੰਘ ਦਿਓਲ ਡੀ.ਐਸ.ਪੀ. ਪਾਤੜਾਂ

ਸ਼ਰਧਾਂਜਲੀ

ਸਾਰੀਆਂ ਸਿਆਸੀ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਦੇ ਨਾਲ-ਨਾਲ ਇਲਾਕੇ ਦੇ ਸਤਿਕਾਰਤ ਆਗੂ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਅਸੀਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹਾਂ।

ਕੁਲਵੰਤ ਸਿੰਘ ਮੌਲਵੀਵਾਲਾ ਮੀਤ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ ਪੰਜਾਬ

ਬਲਦੇਵ ਸਿੰਘ ਨਿਹਾਲਗੜ੍ਹ ਜਨਰਲ ਸਕੱਤਰ

ਸ਼ਰਧਾਂਜਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ ਦਾ ਇਸ ਤਰ੍ਹਾਂ ਅਚਾਨਕ ਚਲਿਆ ਜਾਣਾ ਅਸਿਹ ਅਤੇ ਅਕਿਹ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਰੋਹ ਮੌਕੇ ਅਸੀਂ ਉਹਨਾਂ ਨੂੰ ਸ਼ਰਧਾਂ ਸੁਮਨ ਭੇਂਟ ਕਰਦੇ ਹਾਂ।

ਗੁਰਨਾਮ ਸਿੰਘ ਚੌਹਾਨ ਪ੍ਰਧਾਨ

ਮੀਡੀਆ ਕਲੱਬ ਪਾਤੜਾਂ

ਭੁਪਿੰਦਰਜੀਤ ਮੌਲਵੀਵਾਲਾ ਜਨਰਲ ਸਕੱਤਰ

ਗੁਰੂ ਦੇ ਭਾਣੇ ਵਿੱਚ

ਜਥੇਦਾਰ ਗੁਰਦੀਪ ਸਿੰਘ ਖਾਂਗ ਪ੍ਰਧਾਨ ਸਰਕਲ ਦਿਹਾਤੀ ਪਾਤੜਾਂ, ਗੋਬਿੰਦ ਸਿੰਘ ਵਿਰਦੀ ਪ੍ਰਧਾਨ ਸਰਕਲ ਸ਼ਹਿਰੀ ਪਾਤੜਾਂ, ਗੁਰਬਚਨ ਸਿੰਘ ਮੌਲਵੀਵਾਲਾ ਸਾਬਕਾ ਚੇਅਰਮੈਨ ਪੀਏਡੀਬੀ, ਮਹਿਲ ਸਿੰਘ ਗਲੌਲੀ ਸਾਬਕਾ ਚੇਅਰਮੈਨ ਪੀਏਡੀਬੀ, ਸੁਖਦੇਵ ਸਿੰਘ ਵਿਰਕ ਸੇਵਾ ਮੁਕਤ ਐਸ.ਪੀ., ਅਜੈਬ ਸਿੰਘ ਮੱਲ੍ਹੀ ਯੂਥ ਆਗੂ, ਹਰਨੇਕ ਸਿੰਘ ਅਰਨੋਂ ਪ੍ਰਧਾਨ ਅਤੇ ਮੈਨੇਜਰ ਅਮਰਜੀਤ ਸਿੰਘ ਗੁਰਦੁਆਰਾ ਗੁਰੂ ਤੇਗ ਬਹਾਦਰ ਬਹਿਰ ਸਾਹਿਬ, ਸੁਖਜੀਤ ਸਿੰਘ ਹੈਪੀ ਕਾਲੇਕਾ ਚੇਅਰਮੈਨ ਜੀ.ਟੀ.ਬੀ. ਸਕੂਲ; ਨਿਧਾਨ ਸਿੰਘ ਜੈਖਰ ਸਾਬਕਾ ਮੈਂਬਰ ਜ਼ਿਲਾ ਪ੍ਰੀਸ਼ਦ ਪਟਿਆਲਾ, ਜੋਗਿੰਦਰ ਸਿੰਘ ਬਾਵਾ ਪ੍ਰਧਾਨ ਸਰਕਲ ਠਰੂਆ, ਰਣਜੀਤ ਸਿੰਘ ਸ਼ਾਹੀ ਪ੍ਰਧਾਨ ਸਰਕਲ ਘੱਗਾ, ਸੁਖਵਿੰਦਰ ਸਿੰਘ ਬਰਾਸ ਪ੍ਰਧਾਨ ਸਰਕਲ ਦਿਹਾਤੀ ਘੱਗਾ, ਤਰਲੋਕ ਸਿੰਘ ਪ੍ਰਧਾਨ ਸਰਕਲ ਨਨਹੇੜਾ, ਗੁਰਮੁੱਖ ਸਿੰਘ ਪ੍ਰਧਾਨ ਸਰਕਲ ਸ਼ੁਤਰਾਣਾ, ਗੁਰਿੰਦਰ ਸਿੰਘ ਭੰਗੂ ਪ੍ਰਧਾਨ ਸਰਕਲ ਬਾਦਸ਼ਾਹਪੁਰ, ਸਰਬਜੀਤ ਸਿੰਘ ਕਕਰਾਲਾ, ਕੁਲਜੀਤਵੀਰ ਸਿੰਘ ਪਿੰਕ ਦੁਗਾਲ, ਜਰਨੈਲ ਸਿੰਘ ਝੱਬਰ, ਵਰਿੰਦਰ ਸਿੰਘ ਵਿਰਕ ਵੀ.ਵੀ ਫਾਇਨਾਂਸ, ਸ਼ੀਸ਼ਪਾਲ ਘੱਗਾ ਪ੍ਰੋਪਰਟੀ ਐਡਵਾਈਜਰ, ਚਿਮਨ ਲਾਲ ਕਲਵਾਣੂੰ ਪਾਤੜਾਂ, ਤਰਸੇਮ ਚੰਦ ਵਾਇਨ ਕੰਟਰੈਕਟਰ ਪਾਤੜਾਂ, ਜੈ ਪ੍ਰਤਾਪ ਸਿੰਘ ਡੇਜੀ ਕਾਹਲੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਪਾਤੜਾਂ, ਨਰਿੰਦਰ ਸਿੰਗਲਾ ਸਾਬਕਾ ਪ੍ਰਧਾਨ ਨਗਰ ਕੌਂਸਲ ਪਾਤੜਾਂ, ਰਾਮਾ ਗੁਪਤਾ, ਭਗਵਤ ਦਿਆਲ ਨਿੱਕਾ ਪ੍ਰਧਾਨ ਪ੍ਰਾਚੀਨ ਸ਼ਿਵ ਮੰਦਿਰ ਕਮੇਟੀ, ਜਗਦੀਸ਼ ਰਾਏ ਪੱਪੂ, ਸੁਰਿੰਦਰ ਕੁਮਾਰ ਪੱਪੂ, ਰਾਕੇਸ਼ ਕਾਂਸਲ ਸਾਬਕਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਡਾਕਟਰ ਬਹਾਦਰ ਸਿੰਘ ਘੱਗਾ, ਰਘਵੀਰ ਸਿੰਘ ਪ੍ਰਧਾਨ ਸੀਮਿੰਟ ਡੀਲਰ ਐਸੋ., ਸਮੂਹ ਹਰੀਕਾ ਪਰਿਵਾਰ ਸ਼ਾਦੀਹਰੀ ਵਾਲੇ ਪਾਤੜਾਂ, ਬਾਬਾ ਪਵਿੱਤਰ ਸਿੰਘ ਕਾਰ ਸੇਵਾ ਵਾਲੇ ਗੁਰਦੁਆਰਾ ਸਾਹਿਬ ਖਨੌਰੀ, ਕਰਮਜੀਤ ਸਿੰਘ ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਪ੍ਰਬੰਧਕ ਕਮੇਟੀ, ਅੰਮ੍ਰਿਤਪਾਲ ਸਿੰਘ ਕਾਲੇਕਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ, ਲਖਵਿੰਦਰ ਸਿੰਘ ਲੱਖੀ ਕਾਲੇਕਾ ਪਾਤੜਾਂ, ਬਚਿੱਤਰ ਸਿੰਘ ਵੜੈਚ ਵਾਇਨ ਕੰਟਰੈਕਟਰ, ਲਖਵਿੰਦਰ ਸਿੰਘ ਮੌਲਵੀਵਾਲਾ, ਸੁਰਜੀਤ ਸਿੰਘ ਮਾਹਲ, ਅਮਨਦੀਪ ਸਿੰਘ ਸੈਕਟਰੀ ਮਾਰਕੀਟ ਕਮੇਟੀ ਪਾਤੜਾਂ, ਤੇਜਵੀਰ ਸਿੰਘ ਖਾਂਗ, ਗੁਰਸਾਧ ਸਿੰਘ ਪਾਤੜਾਂ, ਹਰਦੀਪ ਸਿੰਘ ਠਰੂਆ, ਤਰਲੋਚਨ ਸਿੰਘ ਸ਼ੇਰਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਪਾਤੜਾਂ, ਕਪੂਰ ਸਿੰਘ ਵਿਰਕ ਠਰੂਆ, ਦਵਿੰਦਰ ਸਿੰਘ ਗੋਗੀ ਸਾਬਕਾ ਪ੍ਰਧਾਨ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ, ਜਸਪਾਲ ਸਿੰਘ ਨੂਰਪੁਰਾ, ਰਾਜ ਸਿੰਗਲਾ ਗੁਰਦਾਸ, ਡਾ. ਹਰੀ ਸਿੰਘ ਖਾਨੇਵਾਲ, ਜਗਤਾਰ ਸਿੰਘ ਵਿਰਕ ਅਸਮਾਨਪੁਰ, ਮੁਹਬੱਤਬੀਰ ਸਿੰਘ ਮਨੇਸ਼ ਮਨੀਆਂਵਾਲਾ, ਅਮੋਲਕ ਸਿੰਘ ਵੜੈਚ ਲਾਡਵੰਜਾਰਾ, ਬਲਦੇਵ ਸਿੰਘ ਖਾਨੇਵਾਲ, ਹਰਿੰਦਰਪਾਲ ਸਿੰਘ ਮੋਹਾਲੀ 'ਤੇ ਪ੍ਰਗਟ ਸਿੰਘ ਸਰਾਉ ਪਾਤੜਾਂ, ਵਿਜੇ ਬਰਾਸ, ਰਿੰਕੂ ਬਰਾਸ, ਕਾਲਾ ਸਿੰਘ ਭੈਣੀ।

ਸਮੂਹ ਵਰਕਰ ਸ਼੍ਰੋਮਣੀ ਅਕਾਲੀ ਦਲ, ਹਲਕਾ ਸ਼ੁਤਰਾਣਾ

ਸਤਿਕਾਰ ਫੂਡਜ਼, ਬਾਦਲਗੜ੍ਹ | ਸੇਲਾ ਪਲਾਂਟ ਐਸੋਸੀਏਸ਼ਨ ਪਾਤੜਾਂ | ਸ਼

17-April-PAGE-4.qxd 4/16/2023 8:52 PM Page 1

ਨਵਾਂ ਜ਼ਮਾਨਾ
ਸੋਮਵਾਰ, 17 ਅਪ੍ਰੈਲ 2023

ਭਾਜਪਾ ਹਾਰੇਗੀ ਤਾਂ ਲੋਕਤੰਤਰ ਬਚੇਗਾ

ਪਿਛਲੇ ਦਿਨੀਂ ਨਿਤੀਸ਼ ਕੁਮਾਰ ਵੱਲੋਂ ਦਿੱਲੀ ਵਿੱਚ ਆ ਕੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਰਾਹੁਲ ਗਾਂਧੀ ਨਾਲ ਵਿਰੋਧੀ ਦਲਾਂ ਨੂੰ ਇੱਕਮੁੱਠ ਕਰਨ ਲਈ ਮੀਟਿੰਗ ਕੀਤੀ ਗਈ ਸੀ। ਉਨ੍ਹਾ ਨਾਲ ਰਾਸ਼ਟਰੀ ਜਨਤਾ ਦਲ ਆਗੂ ਤੇਜਸਵੀ ਯਾਦਵ ਵੀ ਸਨ। ਇਸ ਤੋਂ ਬਾਅਦ ਉਨ੍ਹਾ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਵੀ ਮੀਟਿੰਗ ਕੀਤੀ ਸੀ। ਇਸੇ ਦੌਰਾਨ ਅਡਾਨੀ ਮੁੱਦੇ ਉੱਤੇ ਵੱਖਰੀ ਰਾਏ ਰੱਖਣ ਵਾਲੇ ਐੱਨ ਸੀ ਪੀ ਪ੍ਰਧਾਨ ਸ਼ਰਦ ਪਵਾਰ ਨੇ ਵੀ ਖੜਗੇ ਤੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਕੇ ਵਿਰੋਧੀ ਦਲਾਂ ਵਿੱਚ ਫੁੱਟ ਦੀਆਂ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਉੱਤੇ ਰੋਕ ਲਾ ਦਿੱਤੀ ਸੀ। ਇਨ੍ਹਾਂ ਉਪਰੋਥਲੀ ਦੀਆਂ ਕਾਰਵਾਈਆਂ ਨੇ ਇਹ ਆਸ ਬੰਨ੍ਹਾਈ ਹੈ ਕਿ ਭਾਜਪਾ ਦੇ ਮੁਕਾਬਲੇ ਲਈ ਵਿਰੋਧੀ ਪਾਰਟੀਆਂ ਇੱਕ ਮੰਚ ਤਿਆਰ ਕਰਨ ਲਈ ਕਾਫ਼ੀ ਸੰਜੀਦਾ ਹਨ। ਇਸ ਸਮੇਂ ਵਿਰੋਧੀ ਪਾਰਟੀਆਂ ਨੂੰ ਇੱਕ ਸੂਤਰ ਵਿੱਚ ਪਰੋਣ ਦੀ ਜ਼ਿੰਮੇਵਾਰੀ ਨਿਤੀਸ਼ ਕੁਮਾਰ ਨੇ ਓਟੀ ਹੋਈ ਹੈ। ਇਹ ਵੀ ਸਾਫ਼ ਹੋ ਗਿਆ ਹੈ ਕਿ ਨਿਤੀਸ਼ ਨੂੰ ਮਿਲੀ ਇਸ ਜ਼ਿੰਮੇਵਾਰੀ ਉੱਤੇ ਕਾਂਗਰਸ ਨੇ ਵੀ ਮੋਹਰ ਲਾ ਦਿੱਤੀ ਹੈ।

ਇਸ ਸਮੇਂ ਵਿਰੋਧੀ ਪਾਰਟੀਆਂ ਵਿੱਚ ਇਹ ਸਮਝ ਬਣ ਚੁੱਕੀ ਹੈ ਕਿ ਜੇਕਰ ਹੁਣ ਇਕੱਠੇ ਨਾ ਹੋਏ ਤਾਂ ਫਿਰ ਕਦੇ ਮੌਕਾ ਨਹੀਂ ਮਿਲੇਗਾ। ਜੇਕਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਜਿੱਤ ਜਾਂਦੀ ਹੈ ਤਾਂ ਫਿਰ ਚੋਣਾਂ ਵਾਲੇ ਲੋਕਤੰਤਰ ਦਾ ਭੋਗ ਪੈਣ ਨੂੰ ਰੋਕਿਆ ਨਹੀਂ ਜਾ ਸਕੇਗਾ। ਪਿਛਲੀ ਦਿਨੀਂ ਵਾਪਰੀਆਂ ਉਤੋੜਿਤੀ ਕੁਝ ਘਟਨਾਵਾਂ ਨੇ ਇਸ ਸਮਝ ਉੱਤੇ ਮੋਹਰ ਲਾਈ ਹੈ। ਇਹ ਹਨ, ਸੱਤਾਧਾਰੀ ਧਿਰ ਵੱਲੋਂ ਸੰਸਦ ਨੂੰ ਜਾਮ ਕਰਨਾ, ਮਾਣਹਾਨੀ ਮਾਮਲੇ ਵਿੱਚ ਰਾਹੁਲ ਗਾਂਧੀ ਨੂੰ ਸਜ਼ਾ ਤੇ ਉਸ ਦੀ ਸਾਂਸਦ ਵਜੋਂ ਅਯੋਗਤਾ, ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੀ ਬੀ ਆਈ ਦਾ ਨੋਟਿਸ, ਤੇਲੰਗਾਨਾ ਦੇ ਮੁੱਖ ਮੰਤਰੀ ਦੀ ਬੇਟੀ ਕਵਿਤਾ ਉੱਤੇ ਗ੍ਰਿਫ਼ਤਾਰੀ ਦੀ ਤਲਵਾਰ ਤੇ ਸਭ ਤੋਂ ਖ਼ਤਰਨਾਕ ਰਾਮ ਨੌਮੀ ਦੇ ਮੌਕੇ ਉੱਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਦੰਗੇ ਭੜਕਾਉਣ ਦੀ ਸਾਜ਼ਿਸ਼।

ਹਰ ਜਮਹੂਰੀਅਤਪਸੰਦ ਨਾਗਰਿਕ ਚਾਹੁੰਦਾ ਹੈ ਕਿ ਤਾਨਾਸ਼ਾਹੀ ਵਿਰੁੱਧ ਸਭ ਸੈਕੂਲਰ ਧਿਰਾਂ ਇਕੱਠੀਆਂ ਹੋਣ, ਪਰ ਇਸ ਵਿੱਚ ਕੁਝ ਸਮੱਸਿਆਵਾਂ ਵੀ ਹਨ। ਵਿਰੋਧੀ ਪਾਰਟੀਆਂ ਦੀਆਂ ਕਈ ਪਰਤਾਂ ਹਨ। ਕੁਝ ਪਾਰਟੀਆਂ, ਜਿਨ੍ਹਾਂ ਵਿੱਚ ਡੀ ਐੱਮ ਕੇ, ਰਾਜਦ, ਜਨਤਾ ਦਲ (ਯੂ), ਝਾਰਖੰਡ ਮੁਕਤੀ ਮੋਰਚਾ, ਐੱਨ ਸੀ ਪੀ, ਇੰਡੀਅਨ ਯੂਨੀਅਨ ਮੁਸਲਿਮ ਲੀਗ, ਸ਼ਿਵ ਸੈਨਾ ਠਾਕਰੇ, ਨੈਸ਼ਨਲ ਕਾਨਫ਼ਰੰਸ ਤੇ ਕੁਝ ਹੋਰ ਛੋਟੀਆਂ ਪਾਰਟੀਆਂ ਕਾਂਗਰਸ ਦੇ ਯੂਨਾਈਟਿਡ ਪ੍ਰੋਗਰੈਸਿਵ ਅਲਾਇੰਸ (ਯੂ ਪੀ ਏ) ਵਿੱਚ ਸ਼ਾਮਲ ਹਨ। ਇਸ ਤੋਂ ਇਲਾਵਾ ਖੱਬੇ ਪਾਰਟੀਆਂ ਭਾਵੇਂ ਯੂ ਪੀ ਏ ਦਾ ਹਿੱਸਾ ਨਹੀਂ, ਪਰ ਭਾਜਪਾ ਦੀਆਂ ਕੱਟੜ ਵਿਰੋਧੀ ਹੋਣ ਕਾਰਨ ਸੰਭਾਵਤ ਤਾਨਾਸ਼ਾਹੀ ਵਿਰੁੱਧ ਮੋਰਚੇ ਦਾ ਹਿੱਸਾ ਹੋਣਗੀਆਂ।

ਦੂਜੀ ਪਰਤ ਉਨ੍ਹਾਂ ਪਾਰਟੀਆਂ ਦੀ ਹੈ, ਜਿਹੜੀਆਂ ਕਾਂਗਰਸ ਦੀਆਂ ਵਿਰੋਧੀ ਹਨ, ਪਰ ਭਾਜਪਾ ਦੀਆਂ ਉਸ ਤੋਂ ਵੀ ਵੱਧ ਵਿਰੋਧੀ ਹਨ। ਇਨ੍ਹਾਂ ਵਿੱਚ ਸਮਾਜਵਾਦੀ ਪਾਰਟੀ, ਤ੍ਰਿਣਮੂਲ ਕਾਂਗਰਸ, ਆਮ ਆਦਮੀ ਪਾਰਟੀ, ਤੇਲੰਗਾਨਾ ਦੀ ਭਾਰਤੀ ਰਾਸ਼ਟਰੀ ਸੰਮਤੀ ਤੇ ਪੀ ਡੀ ਪੀ ਆਦਿ ਸ਼ਾਮਲ ਹਨ। ਇਸ ਤੋਂ ਅਗਲੀ ਪਰਤ ਉਨ੍ਹਾਂ ਪਾਰਟੀਆਂ ਦੀ ਹੈ, ਜਿਹੜੀਆਂ ਕਾਂਗਰਸ ਤੇ ਭਾਜਪਾ ਤੋਂ ਬਰਾਬਰ ਦੀ ਦੂਰੀ ਰੱਖਦੀਆਂ ਹਨ। ਇਨ੍ਹਾਂ ਵਿੱਚ ਟੀ ਡੀ ਪੀ, ਜਨਤਾ ਦਲ ਸੈਕੂਲਰ, ਰਾਸ਼ਟਰੀ ਲੋਕਤੰਤਰਿਕ ਪਾਰਟੀ ਤੇ ਬਸਪਾ ਸ਼ਾਮਲ ਹਨ। ਦੋ ਪਾਰਟੀਆਂ ਓਡੀਸ਼ਾ ਦੀ ਬੀ ਜੇ ਡੀ ਤੇ ਆਂਧਰਾ ਦੀ ਵਾਈ ਐੱਸ ਕਾਂਗਰਸ ਭਾਜਪਾ ਨਾਲੋਂ ਕਾਂਗਰਸ ਦੀਆਂ ਵੱਧ ਵਿਰੋਧੀ ਹਨ।

ਇਸ ਤਰ੍ਹਾਂ ਵਿਰੋਧੀ ਪਾਰਟੀਆਂ ਨੂੰ ਇੱਕ ਪਲੇਟਫਾਰਮ ਉੱਤੇ ਲਿਆਉਣ ਲਈ ਅਜਿਹੇ ਆਗੂ ਦੀ ਲੋੜ ਸੀ, ਜਿਹੜਾ ਸਭ ਨੂੰ ਮਨਜ਼ੂਰ ਹੋਵੇ। ਇਸੇ ਲੋੜ ਵਿੱਚੋਂ ਨਿਤੀਸ਼ ਕੁਮਾਰ ਅੱਗੇ ਆਏ ਹਨ। ਉਨ੍ਹਾ ਦੇ ਸਭ ਪਾਰਟੀਆਂ ਨਾਲ ਚੰਗੇ ਸੰਬੰਧ ਹਨ। ਜਿਹੜੀਆਂ ਪਾਰਟੀਆਂ ਦੇ ਆਗੂ ਕਾਂਗਰਸ ਨਾਲ ਗੱਲ ਕਰਨਾ ਨਹੀਂ ਚਾਹੁੰਦੇ, ਉਹ ਵੀ ਨਿਤੀਸ਼ ਨਾਲ ਗੱਲ ਕਰਨ ਲਈ ਤਿਆਰ ਹੋ ਸਕਦੇ ਹਨ।

ਇਸ ਵੇਲੇ ਇਨ੍ਹਾਂ ਸਭ ਪਾਰਟੀਆਂ ਦੇ ਸਾਹਮਣੇ ਇੱਕੋ ਏਜੰਡਾ ਹੈ ਕਿ ਜਿੱਥੋਂ ਤੱਕ ਵੀ ਸੰਭਵ ਹੋ ਸਕੇ ਭਾਜਪਾ ਦੇ ਮੁਕਾਬਲੇ ਲਈ ਇੱਕ ਹੀ ਉਮੀਦਵਾਰ ਖੜ੍ਹਾ ਕੀਤਾ ਜਾਵੇ। ਹਰ ਥਾਂ ਉੱਤੇ ਭਾਵੇਂ ਇਹ ਸੰਭਵ ਨਾ ਹੋਵੇ, ਪਰ ਦੋ-ਚਾਰ ਰਾਜਾਂ ਨੂੰ ਛੱਡ ਕੇ ਬਾਕੀ ਥਾਵਾਂ ਉੱਤੇ ਇਹ ਹੋ ਸਕਦਾ ਹੈ।

ਇਸ ਸਮੇਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦੀ ਇਹ ਟਿੱਪਣੀ ਅਰਥ-ਭਰਪੂਰ ਹੈ ਕਿ ਅਸੀਂ ਕੌਮੀ ਪੱਧਰ ਉੱਤੇ ਵਿਕਾਸ ਕਰਨਾ ਚਾਹੁੰਦੇ ਹਾਂ, ਪਰ ਇਸ ਸਮੇਂ ਇਸ ਸਰਕਾਰ ਤੋਂ ਦੇਸ਼ ਨੂੰ ਬਚਾਉਣ ਦੀ ਜ਼ਰੂਰਤ ਹੈ। ਅਸੀਂ ਵੱਖ-ਵੱਖ ਰਾਜਾਂ ਵਿੱਚ ਭਾਜਪਾ ਤੇ ਕਾਂਗਰਸ ਦਾ ਬਦਲ ਬਣਨ ਦੀਆਂ ਕੋਸ਼ਿਸ਼ਾਂ ਜਾਰੀ ਰੱਖਾਂਗੇ, ਪਰ ਕੌਮੀ ਪੱਧਰ ਉੱਤੇ ਅਸੀਂ ਇਕਜੁੱਟ ਹੋਣ ਨੂੰ ਤਿਆਰ ਹਾਂ। ਇਹੋ ਸਮਝ ਬਾਕੀ ਖੇਤਰੀ ਪਾਰਟੀਆਂ ਨੂੰ ਵੀ ਅਪਣਾਉਣੀ ਪਵੇਗੀ, ਤਦ ਹੀ 'ਭਾਜਪਾ ਭਜਾਓ, ਦੇਸ਼ ਬਚਾਓ' ਦਾ ਸੰਕਲਪ ਪੂਰਾ ਹੋ ਸਕਦਾ ਹੈ।

-ਚੰਦ ਫਤਿਹਪੁਰੀ

ਸੀ ਪੀ ਆਈ ਦੀ ਦੇਸ਼ ਵਿਆਪੀ ਮੁਹਿੰਮ

ਭਾਜਪਾ ਹਰਾਓ, ਦੇਸ਼ ਬਚਾਓ, ਲੋਕ ਬਚਾਓ

ਬੰਤ ਸਿੰਘ ਬਰਾੜ

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 14 ਅਪ੍ਰੈਲ ਤੋਂ 15 ਮਈ ਤੱਕ ਦੇਸ਼ ਵਿਆਪੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਮੇਂ ਦੌਰਾਨ ਸਾਰੇ ਪ੍ਰਾਂਤਾਂ ਵਿੱਚ ਪਾਰਟੀ ਜਥੇ ਵੱਧ ਤੋਂ ਵੱਧ ਲੋਕਾਂ ਨਾਲ ਸੰਪਰਕ ਪੈਦਾ ਕਰਕੇ ਦੇਸ਼ ਤੇ ਪ੍ਰਾਂਤਾਂ ਦੇ ਭਖ਼ਦੇ ਮਸਲਿਆਂ ਬਾਰੇ ਜਾਣਕਾਰੀ ਦੇਣਗੇ। 2014 ਵਿੱਚ ਜਦੋਂ ਆਰ.ਐੱਸ.ਐੱਸ. ਦੀ ਵਿਚਾਰਧਾਰਾ ਅਧਾਰਿਤ ਭਾਜਪਾ ਸਰਕਾਰ ਹੋਂਦ ਵਿੱਚ ਆਈ, ਪਾਰਟੀ ਨੇ ਸੱਤਾ ਵਿਚ ਆਈ ਇਸ ਤਬਦੀਲੀ ਨੂੰ ਆਮ ਤਬਦੀਲੀ ਦੀ ਬਜਾਏ ਇੱਕ ਵਿਸ਼ੇਸ਼ ਤਬਦੀਲੀ ਦੱਸਦਿਆਂ ਆਖਿਆ ਸੀ ਕਿ ਦੇਸ਼ ਦੇ ਫ਼ਿਰਕੂ ਅਤੇ ਕਾਰਪੋਰੇਟ ਗਠਜੋੜ ਨੇ ਸੱਤਾ 'ਤੇ ਕਬਜ਼ਾ ਕਰ ਲਿਆ ਹੈ। ਕਾਰਨ ਬਹੁਤ ਹੋ ਸਕਦੇ ਹਨ, ਪਰ ਅਸਲੀਅਤ ਇਹ ਹੈ ਕਿ ਸੱਤਾ 'ਤੇ ਉਹ ਸ਼ਕਤੀਆਂ ਕਾਬਜ਼ ਹੋ ਗਈਆਂ, ਜਿਨ੍ਹਾਂ ਦਾ ਪਿਛੋਕੜ ਆਜ਼ਾਦੀ ਅੰਦੋਲਨ ਦੀ ਪਿੱਠ ਵਿੱਚ ਛੁਰਾ ਮਾਰਨ ਵਾਲਾ ਸੀ ਤੇ ਇਨ੍ਹਾਂ ਨੇ ਰੱਜ ਕੇ ਬਰਤਾਨਵੀ ਸ਼ਾਸਨ ਦਾ ਸਮਰਥਨ ਹੀ ਨਹੀਂ, ਬਲਕਿ ਹਰ ਆਜ਼ਾਦੀ ਅੰਦੋਲਨ ਦਾ ਖੁੱਲ੍ਹੇਆਮ ਵਿਰੋਧ ਕੀਤਾ। ਸਾਵਰਕਰ ਵਰਗੇ ਇਹਨਾਂ ਸ਼ਕਤੀਆਂ ਦੇ ਗੁਰੂ ਘੰਟਾਲਾਂ ਨੇ ਮੁਆਫ਼ੀਆਂ ਹੀ ਨਹੀਂ ਮੰਗੀਆਂ ਸਗੋਂ ਅੰਗਰੇਜ਼ਾਂ ਤੋਂ ਤਨਖਾਹਾਂ ਵੀ ਪ੍ਰਾਪਤ ਕਰਦੇ ਰਹੇ। ਗਾਂਧੀ-ਨਹਿਰੂ, ਸੁਭਾਸ਼ ਅਤੇ ਭਗਤ ਸਿੰਘ ਹੁਰਾਂ ਦੇ ਅੰਦੋਲਨਾਂ ਦਾ ਮਜ਼ਾਕ ਉਡਾਉਂਦੇ ਰਹੇ ਅਤੇ ਹਿੰਦੂ-ਮੁਸਲਮਾਨ ਫਸਾਦਾਂ ਰਾਹੀਂ ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨੂੰ ਅਮਲ ਵਿੱਚ ਲਿਆਉਂਦੇ ਰਹੇ।

2014 ਵਿੱਚ ਸੱਤਾ 'ਤੇ ਕਬਜ਼ਾ ਕਰਕੇ ਹੁਣ ਤੱਕ 9 ਸਾਲਾਂ ਦੇ ਸਮੇਂ ਵਿੱਚ ਮੋਦੀ ਦੀ ਅਗਵਾਈ ਵਿੱਚ ਇਹਨਾਂ ਸ਼ਕਤੀਆਂ ਨੇ ਆਪਣੇ ਏਜੰਡੇ ਲਾਗੂ ਕਰਦਿਆਂ ਹੋਇਆਂ ਦੇਸ਼ ਨੂੰ ਬਰਬਾਦੀ ਦੇ ਕੰਢੇ 'ਤੇ ਖੜ੍ਹਾ ਕਰ ਦਿੱਤਾ ਹੈ। ਹਰ ਸਾਲ 2 ਕਰੋੜ ਨੌਕਰੀਆਂ ਦੇਣ, ਬਾਹਰੋਂ ਕਾਲਾ ਧਨ ਲਿਆਉਣ ਤੇ ਹਰ ਇੱਕ ਦੀ ਜੇਬ ਵਿੱਚ 16-16 ਲੱਖ ਰੁਪਏ ਪਾਉਣ ਦੇ ਝੂਠੇ ਨਾਅਰਿਆਂ ਨਾਲ ਵੋਟਰਾਂ ਨੂੰ ਠੱਗਿਆ। ਘੱਟ ਗਿਣਤੀਆਂ ਖ਼ਾਸ ਕਰਕੇ ਮੁਸਲਮਾਨ ਭਾਈਚਾਰੇ, ਦਲਿਤ ਸਮਾਜ, ਔਰਤਾਂ ਅਤੇ ਸੂਚੀਦਾਰ ਕਬੀਲਿਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ। ਜੰਮੂ-ਕਸ਼ਮੀਰ ਵਿਚੋਂ ਧਾਰਾ 370 ਤੇ 35-ਏ ਨੂੰ ਖ਼ਤਮ ਕਰਨਾ, ਸੰਵਿਧਾਨਕ ਪਰੰਪਰਾਵਾਂ ਦੀਆਂ ਧੱਜੀਆਂ ਉਡਾ ਕੇ ਯੂ ਟੀਆਂ ਦਾ ਦਰਜਾ ਕਾਇਮ ਕਰਕੇ ਦੇਸ਼ ਦੇ ਫੈਡਰਲ ਢਾਂਚੇ ਨੂੰ ਤੋੜਨਾ ਆਰੰਭ ਕਰ ਦਿੱਤਾ। 'ਹਿੰਦੂ ਸਟੇਟ' ਦੀ ਸਥਾਪਨਾ ਲਈ ਅਖਾਉਤੀ 'ਹਿੰਦੂਤਵ' ਦੇ ਨਾਅਰੇ ਹੇਠ 'ਧਰੁਵੀਕਰਨ' ਦੇ ਪੈਂਤੜੇ ਅਪਣਾ ਕੇ ਕੱਟੜਵਾਦੀ 'ਰਾਸ਼ਟਰਵਾਦ' ਦੀ ਛਾਂ ਹੇਠਾਂ 'ਰਾਮ ਮੰਦਰ' ਦੀ ਸਥਾਪਨਾ ਲਈ ਬਹੁਗਿਣਤੀ ਧਰਮ ਦੀ ਰੱਜ ਕੇ ਦੁਰਵਰਤੋਂ ਕੀਤੀ। ਲੋਕਾਂ ਦਾ ਧਿਆਨ ਭਖ਼ਦੇ ਮਸਲੇ; ਜਿਵੇਂ, ਵਿੱਦਿਆ, ਸਿਹਤ, ਜ਼ਮੀਨ, ਖੁਰਾਕ, ਰਿਹਾਇਸ਼ ਅਤੇ ਰੁਜ਼ਗਾਰ ਆਦਿ 'ਤੇ ਕੇਂਦਰਤ ਹੋਣ ਤੋਂ ਟਾਲਣ ਦੀ ਨੀਤੀ 'ਤੇ ਜ਼ੋਰ ਲਾ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਦੇ ਸਾਧਨਾਂ ਨੂੰ ਪੂਰੀ ਤਰ੍ਹਾਂ ਲੁੱਟਣ ਦੇ ਮੌਕੇ ਪ੍ਰਦਾਨ ਕਰਨ ਦਾ ਇਸ ਸਰਕਾਰ ਨੇ ਇੱਕ ਹਥਿਆਰ ਦੇ ਤੌਰ 'ਤੇ ਕੰਮ ਕੀਤਾ। ਵਧ ਰਹੀਆਂ ਕੀਮਤਾਂ ਨੇ ਜ਼ਿੰਦਗੀ ਔਖੀ ਕਰ ਦਿੱਤੀ ਹੈ।

ਆਪਣੀ ਮੁਹਿੰਮ ਦੌਰਾਨ ਇਹਨਾਂ ਕਾਰਪੋਰੇਟ ਘਰਾਣਿਆਂ (ਅਡਾਨੀਆਂ, ਅੰਬਾਨੀਆਂ ਆਦਿ) ਨਾਲ ਇਸ ਸਰਕਾਰ ਦੇ ਗਠਜੋੜਾਂ ਨੂੰ ਨੰਗਾ ਕਰਦਿਆਂ ਹੋਇਆਂ ਸਾਨੂੰ ਉਪਰੋਕਤ ਵਿਸ਼ਿਆਂ, ਜਿਵੇਂ ਸਭਨਾਂ ਲਈ ਵਿੱਦਿਆ, ਮਕਾਨ, ਸਿਹਤ ਸੇਵਾਵਾਂ, ਜ਼ਮੀਨ ਅਤੇ ਸਭ ਤੋਂ ਮਹੱਤਵਪੂਰਨ ਸਭ ਲਈ ਰੁਜ਼ਗਾਰ ਦੇ ਸੁਆਲ ਲੋਕਾਂ ਸਾਹਮਣੇ ਰੱਖਣੇ ਚਾਹੀਦੇ ਹਨ। ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ ਕਿ ਕਿਵੇਂ ਇਹ ਸਰਕਾਰ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਇਸ ਦੀ ਥਾਂ 'ਤੇ 'ਮਨੂਵਾਦ' ਨੂੰ ਅਮਲ ਵਿੱਚ ਲਿਆ ਰਹੀ ਹੈ। ਸਾਰੀਆਂ ਸੰਵਿਧਾਨਕ ਸੰਸਥਾਵਾਂ, ਚੋਣ ਕਮਿਸ਼ਨ, ਜੁਡੀਸ਼ਰੀ, ਸੀ.ਬੀ.ਆਈ., ਈ.ਡੀ., ਪੀ.ਐੱਮ.ਐੱਲ.ਏ. (ਗੈਰ-ਕਾਨੂੰਨੀ ਤਰੀਕੇ ਨਾਲ ਪੈਸਾ ਕਮਾਉਣ) ਆਦਿ ਸਾਰਿਆਂ ਵਿੱਚ ਇਸ ਦੀ ਧੱਕੜ ਸ਼ਾਹ ਦਖਲ-ਅੰਦਾਜ਼ੀ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਹੈ। ਪੇਸ਼ ਕਰਨਾ ਹੈ ਕਿ ਇਹ ਸੰਵਿਧਾਨ ਦੀ ਰੂਹ ਪਰੀਐਂਬਲ (ਪ੍ਰਸਤਾਵਨਾ) ਵਿੱਚ ਜਿਹੜਾ ਇਸ ਦਾ ਬੁਨਿਆਦੀ ਢਾਂਚਾ ਹੈ, (ਸੌਵਰਨ, ਸੈਕੂਲਰ, ਸੋਸ਼ਲਿਸਟ ਡੈਮੋਕਰੇਟਿਕ ਰੀਪਬਲਿਕ ਆਫ਼ ਇੰਡੀਆ) ਉਸ ਨੂੰ ਬਦਲ ਕੇ 'ਹਿੰਦੂ ਸਟੇਟ' ਦੀ ਸਥਾਪਨਾ ਕਰਨਾ ਚਾਹੁੰਦੀ ਹੈ।

ਇਹ ਸਰਕਾਰ ਮਿਹਨਤਕਸ਼ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਬਣੇ ਪਬਲਿਕ ਸੈਕਟਰ ਨੂੰ ਰਾਕਟ ਦੀ ਗਤੀ ਨਾਲ ਖ਼ਤਮ ਕਰਕੇ ਅਡਾਨੀਆਂ ਅੰਬਾਨੀਆਂ ਦੇ ਹਵਾਲੇ ਕਰ ਰਹੀ ਹੈ। ਸਟੇਟ ਬੈਂਕ ਆਫ਼ ਇੰਡੀਆ ਤੇ ਵਿੱਤੀ ਸੰਸਥਾਵਾਂ, ਜੀਵਨ ਬੀਮਾ (ਐੱਲ.ਆਈ.ਸੀ.) ਦਾ ਇੱਕ ਪਾਸੇ ਨਿੱਜੀਕਰਨ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਇਹਨਾਂ ਦੀ ਪੂੰਜੀ ਨੂੰ ਲੋਕ ਹਿੱਤਾਂ ਵਿੱਚ ਵਰਤਣ ਦੀ ਬਜਾਏ ਆਪਣੇ ਸੰਗੀ ਕਰੋਨੀ ਪੂੰਜੀਵਾਦੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਬਦੇਸ਼ੀ ਧਨਾਢਾਂ ਲਈ ਭਾਰਤ ਦੇ ਹਰ ਮਹੱਤਵਪੂਰਨ ਖੇਤਰ ਨੂੰ, ਇੱਥੋਂ ਤੱਕ ਕਿ ਡਿਫੈਂਸ ਸੈਕਟਰ ਨੂੰ ਵੀ 'ਸਿੱਧੇ ਪੂੰਜੀ ਨਿਵੇਸ਼' ਲਈ ਰਾਹ ਖੋਲ੍ਹ ਦਿੱਤਾ ਗਿਆ ਹੈ।

ਉਧਰ ਸੰਸਦ ਵਿੱਚ ਬਹੁਗਿਣਤੀ ਦੇ ਬੁਲਡੋਜ਼ਰ ਨਾਲ ਸੰਸਦ ਦੀਆਂ ਕਦਰਾਂ-ਕੀਮਤਾਂ ਨੂੰ ਦਰੜ ਕੇ ਰੱਖ ਦਿੱਤਾ ਹੈ। ਜਮਹੂਰੀ ਹੱਕਾਂ 'ਤੇ ਫਾਸ਼ੀ ਹਮਲੇ ਕਰਦਿਆਂ ਹੋਇਆਂ ਜਮਹੂਰੀ ਅਤੇ ਸੈਕੂਲਰ ਸ਼ਕਤੀਆਂ ਨੂੰ ਦੇਸ਼ਧ੍ਰੋਹੀ ਕਹਿ ਕੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਆਦਿਵਾਸੀਆਂ, ਦਲਿਤਾਂ ਅਤੇ ਔਰਤਾਂ ਦੀ ਰਾਖੀ ਲਈ ਲੜਨ ਵਾਲੇ ਕਈ ਦਰਜਨ ਸਮਾਜ ਸੇਵੀ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨ ਵਾਲੇ ਕਈ ਦਰਜਨ ਲੇਖਕਾਂ, ਕਵੀਆਂ, ਜਰਨਲਿਸਟਾਂ ਅਤੇ ਸਮਾਜ ਸੇਵੀ ਸ਼ਖਸੀਅਤਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਜੇਲ੍ਹੀਂ ਡੱਕਿਆ ਹੋਇਆ ਹੈ। ਮੀਡੀਆ ਨੂੰ ਪੂਰੀ ਤਰ੍ਹਾਂ ਗੁਲਾਮ ਬਣਾ ਕੇ ਵਿਰੋਧੀਆਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਰਾਹੁਲ ਗਾਂਧੀ ਨੂੰ ਐੱਮ.ਪੀ. ਸੀਟ ਤੋਂ ਖਾਰਜ ਕਰਨਾ ਅਤੇ 2 ਸਾਲ ਦੀ ਕੈਦ ਕਰਨੀ, ਏਸ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ। ਰਾਹੁਲ ਗਾਂਧੀ ਨੂੰ ਸਜਾ ਕਰਨੀ ਦਰਸਾਉਂਦਾ ਹੈ ਕਿ ਇਹ ਫ਼ਿਰਕੂ, ਫਾਸ਼ਿਸਟ ਵਿਚਾਰਾਂ ਅਧਾਰਤ ਸਰਕਾਰ ਅਡਾਨੀਆਂ, ਅੰਬਾਨੀਆਂ ਦੀ ਰੱਖਿਆ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

ਹਿੰਡਨਬਰਗ ਰਿਸਰਚ ਰਿਪੋਰਟ, ਜਿਸ ਨੇ ਅਡਾਨੀ ਗਰੁੱਪ ਦੀਆਂ ਕੰਪਨੀਆਂ ਦੇ ਹੈਰਾਨਕੁੰਨ ਘਪਲਿਆਂ ਨੂੰ ਨੰਗਾ ਕੀਤਾ ਹੈ, ਦੇ ਸਬੰਧ ਵਿੱਚ ਆਪੋਜ਼ੀਸ਼ਨ ਦੀ 'ਸਾਂਝੀ ਸੰਸਦੀ ਕਮੇਟੀ' ਕਾਇਮ ਕਰਨ ਦੀ ਮੰਗ ਨੂੰ ਠੁਕਰਾਉਣਾ ਸਰਕਾਰ ਦੇ ਡਿੱਗ ਚੁੱਕੇ ਕਿਰਦਾਰ ਨੂੰ ਨੰਗਾ ਕਰਦਾ ਹੈ ਤੇ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਭਾਜਪਾ, ਆਰ.ਐੱਸ.ਐੱਸ. ਗਠਜੋੜ ਸਾਜ਼ਸ਼ ਅਧੀਨ ਆਪੋਜ਼ੀਸ਼ਨ ਨੂੰ ਡਰਾ ਕੇ ਫਾਸ਼ਿਸਟ ਰਾਜ ਸਥਾਪਤ ਕਰਨਾ ਚਾਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਖੱਬੀਆਂ ਸ਼ਕਤੀਆਂ ਹੀ ਆਰ.ਐੱਸ.ਐੱ

17-APRIL-PAGE-5.qxd 4/16/2023 8:49 PM Page 1

ਜਥੇਬੰਦੀਆਂ ਵੱਲੋਂ ਡਾਕਟਰਾਂ ਤੇ ਸਟਾਫ ਦੀ ਘਾਟ ਨੂੰ ਲੈ ਕੇ ਧਰਨਾ

ਅਸਾਮੀਆਂ ਪੁਰ ਕਰਨ ਸੰਬੰਧੀ ਸਿਹਤ ਮੰਤਰੀ ਦੇ ਨਾਂਅ ਡਾਕਟਰ ਗਗਨਦੀਪ ਕੌਰ ਨੂੰ ਸੌਂਪਿਆ ਮੰਗ ਪੱਤਰ

ਮਹਿਲ ਕਲਾਂ (ਬਲਵਿੰਦਰ ਵਜੀਦਕੇ)

ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਮੁੱਢਲੇ ਸਿਹਤ ਕੇਂਦਰ ਮਹਿਲ ਕਲਾਂ ਵਿਖੇ ਸਪੈਸ਼ਲਿਸਟ ਡਾਕਟਰਾਂ ਤੇ ਹੋਰ ਸਟਾਫ ਦੀ ਵੱਡੀ ਘਾਟ ਕਾਰਨ ਮਰੀਜ਼ਾਂ ਦੀਆਂ ਭਾਰੀ ਸਮੱਸਿਆਵਾਂ ਨੂੰ ਲੈ ਕੇ ਹਸਪਤਾਲ ਦੇ ਅੰਦਰ ਧਰਨਾ ਲਗਾ ਕੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਹਸਪਤਾਲ ਅੰਦਰ ਸਪੈਸ਼ਲਿਸਟ ਡਾਕਟਰਾਂ ਤੇ ਹੋਰ ਸਟਾਫ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਪੂਰਾ ਕਰਕੇ ਆਮ ਲੋਕਾਂ ਨੂੰ ਸਹੀ ਢੰਗ ਨਾਲ ਸਿਹਤ ਸਹੂਲਤਾਂ ਦੇਣ ਦੀ ਮੰਗ ਕੀਤੀ। ਇਸ ਮੌਕੇ ਸਮਾਜ ਸੇਵੀ ਹਰਜੀਤ ਸਿੰਘ ਖਿਆਲੀ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਅਜਮੇਰ ਸਿੰਘ ਭੱਠਲ, ਸੁਖਵਿੰਦਰ ਸਿੰਘ ਕਾਲਾ, ਸਤਨਾਮ ਸਿੰਘ ਖਾਲਸਾ, ਮੰਗਤ ਸਿੰਘ ਸਿੱਧੂ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੇ ਵੱਡੇ ਵੱਡੇ ਵਾਅਦੇ ਕਰਦੀ ਨਹੀਂ ਥੱਕਦੀ, ਦੂਜੇ ਪਾਸੇ ਸਰਕਾਰੀ ਹਸਪਤਾਲਾਂ ਅੰਦਰ ਸਪੈਸ਼ਲਿਸਟ ਹੋਰ ਸਟਾਫ ਤੇ ਦਵਾਈਆਂ ਦੀ ਵੱਡੀ ਘਾਟ ਹੋਣ ਕਾਰਨ ਮਰੀਜ਼ਾਂ ਨੂੰ ਜ਼ਿਆਦਾਤਰ ਹੋਰਨਾਂ ਹਸਪਤਾਲਾਂ ਵਿੱਚ ਰੈਫਰ ਕੀਤਾ ਜਾ ਰਿਹਾ ਹੈ, ਅਜਿਹਾ ਮਾਮਲਾ ਸਿਹਤ ਕੇਂਦਰ ਮਹਿਲ ਕਲਾਂ ਵਿਖੇ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੋਰ ਸਟਾਫ ਤੇ ਦਵਾਈਆਂ ਦੀ ਵੱਡੀ ਘਾਟ ਨੂੰ ਲੈ ਕੇ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਵਿੱਚ ਮਰੀਜ਼ਾਂ ਦੀ ਕੋਈ ਦੇਖਭਾਲ ਨਹੀਂ ਹੋ ਰਹੀ ਤੇ ਜ਼ਿਆਦਾਤਰ ਮਰੀਜ਼ਾਂ ਨੂੰ ਬਰਨਾਲਾ ਜਾਂ ਫਰੀਦਕੋਟ ਵਿਖੇ ਰੈਫਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਅੰਦਰ ਕੋਈ ਚਾਲੀ ਪਿੰਡਾਂ ਦੇ ਲੋਕ ਸਿਹਤ ਸਹੂਲਤਾਂ ਤੇ ਦਵਾਈਆਂ ਲੈਣ ਲਈ ਆਉਂਦੇ ਜਾਂਦੇ ਰਹਿੰਦੇ ਹਨ, ਪਰ ਹਸਪਤਾਲ ਅੰਦਰ ਸਟਾਫ ਦੀ ਘਾਟ ਹੋਣ ਕਾਰਨ ਲੋਕਾਂ ਨੂੰ ਨਿਰਾਸ਼ ਹੋ ਕੇ ਪ੍ਰਾਈਵੇਟ ਹਸਪਤਾਲਾਂ ਅੰਦਰ ਆਪਣੇ ਮਰੀਜ਼ਾਂ ਦਾ ਇਲਾਜ ਕਰਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮੁੱਢਲੇ ਕੇਂਦਰ ਮਹਿਲ ਕਲਾਂ ਵਿਖੇ ਸਪੈਸ਼ਲਿਸਟ ਡਾਕਟਰਾਂ ਤੇ ਹੋਰ ਸਟਾਫ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕਰਕੇ ਲੋਕਾਂ ਨੂੰ ਸਹੀ ਢੰਗ ਨਾਲ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਸ ਮੌਕੇ ਨੌਜੁਆਨ ਬਲਕਾਰ ਸਿੰਘ ਤੇ ਮਾਤਾ ਹਰਜਿੰਦਰ ਕੌਰ ਨੇ ਕਿਹਾ ਕਿ ਸਰਕਾਰ ਵੱਲੋਂ ਹਸਪਤਾਲਾਂ ਅੰਦਰ ਸਿਹਤ ਸਹੂਲਤਾਂ ਦੇ ਕੋਈ ਪ੍ਰਬੰਧ ਨਹੀਂ ਕੀਤੇ ਜਾ ਰਹੇ ਸਗੋਂ ਮੁਹੱਲਾ ਕਲੀਨਿਕ ਖੋਲ੍ਹਣ ਤੇ ਸੈਮੀਨਾਰ ਲਗਾ ਕੇ ਸਰਕਾਰ ਵੱਲੋਂ ਆਪਣੀ ਫੋਕੀ ਵਾਹ ਵਾਹ ਖੱਟਣ ਲਈ ਮਸ਼ਹੂਰੀ ਕੀਤੀ ਜਾ ਰਹੀ ਹੈ, ਕਿਉਂਕਿ ਪੁਰਾਣੀਆਂ ਇਮਾਰਤਾਂ ਨੂੰ ਰੰਗ ਰੋਗਨ ਕਰਕੇ ਸਾਰਿਆ ਜਾ ਰਿਹਾ ਹੈ, ਜਦੋਂਕਿ ਪਹਿਲਾਂ ਚੱਲ ਰਹੇ ਹਸਪਤਾਲਾਂ ਅੰਦਰ ਕੰਮ ਕਰ ਰਹੇ ਡਾਕਟਰਾਂ ਦੀਆਂ ਡਿਊਟੀਆਂ ਮੁਹੱਲਾ ਕਲੀਨਿਕ ਵਿੱਚ ਲਗਾ ਕੇ ਹਸਪਤਾਲਾਂ ਨੂੰ ਖਾਲੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਆਪਣੇ ਮਰੀਜ਼ ਇਲਾਜ ਲਈ ਇਸ ਹਸਪਤਾਲ ਅੰਦਰ ਲਿਆਂਦੇ ਗਏ ਤਾਂ ਉਨ੍ਹਾਂ ਮਰੀਜ਼ਾਂ ਦੀ ਕਿਸੇ ਨੇ ਕੋਈ ਸਾਂਭ-ਸੰਭਾਲ ਨਾ ਕੀਤੀ, ਸਗੋਂ ਉਨ੍ਹਾਂ ਮਰੀਜ਼ਾਂ ਨੂੰ ਹੋਰ ਹਸਪਤਾਲਾਂ ਲਈ ਰੈਫਰ ਕੀਤਾ ਗਿਆ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਮੁੱਢਲਾ ਸਿਹਤ ਕੇਂਦਰ ਮਹਿਲ ਕਲਾਂ ਵਿਖੇ ਖਾਲੀ ਪਈਆਂ ਡਾਕਟਰਾਂ ਤੇ ਹੋਰ ਸਟਾਫ ਦੀਆਂ ਆਸਾਮੀਆਂ ਪਹਿਲ ਦੇ ਅਧਾਰ 'ਤੇ ਪੂਰਾ ਕਰਕੇ ਲੋਕਾਂ ਨੂੰ ਸਹੀ ਢੰਗ ਨਾਲ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਸ ਮੌਕੇ ਜਥੇਬੰਦੀਆਂ ਵੱਲੋਂ ਸੀਨੀਅਰ ਮੈਡੀਕਲ ਅਫਸਰ ਰਾਹੀਂ ਪੰਜਾਬ ਸਰਕਾਰ ਦੇ ਸਿਹਤ ਮੰਤਰੀ ਦੇ ਨਾਂਅ ਉੱਪਰ ਆਪਣਾ ਇੱਕ ਮੰਗ ਪੱਤਰ ਡਾਕਟਰ ਗਗਨਦੀਪ ਕੌਰ ਨੂੰ ਭੇਟ ਕੀਤਾ ਗਿਆ। ਇਸ ਮੌਕੇ ਡਾਕਟਰ ਗਗਨਦੀਪ ਕੌਰ ਨੇ ਧਰਨਾਕਾਰੀਆਂ ਨੂੰ ਵਿਸ਼ਵਾਸ ਦੁਆਇਆ ਕਿ ਉਨ੍ਹਾਂ ਦਾ ਮੰਗ ਪੱਤਰ ਅਹੁਦੇਦਾਰ ਤੇ ਪੰਜਾਬ ਸਰਕਾਰ ਤੱਕ ਪੁਚਾਇਆ ਜਾਵੇਗਾ। ਇਸ ਮੌਕੇ ਵਿਸ਼ਵਾਸ ਦਿਵਾਏ ਜਾਣ ਤੋਂ ਬਾਅਦ ਧਰਨਾਕਾਰੀਆਂ ਨੇ ਆਪਣਾ ਧਰਨਾ ਸਮਾਪਤ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਹਸਪਤਾਲ ਅੰਦਰ ਡਾਕਟਰਾਂ ਤੇ ਹੋਰ ਘਾਟ ਨੂੰ ਪੂਰਾ ਨਾ ਕੀਤਾ ਤਾਂ ਅਗਲਾ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਜਗਰੂਪ ਸਿੰਘ, ਹਰਬੰਸ ਸਿੰਘ, ਗੁਰਵਿੰਦਰ ਸਿੰਘ, ਜਸ਼ਨਦੀਪ ਸਿੰਘ, ਗੁਰਪ੍ਰੀਤ ਗਰੇਵਾਲ, ਹਰਜੋਤ ਸਿੰਘ, ਅਵਤਾਰ ਸਿੰਘ, ਪ੍ਰਮਿੰਦਰ ਸਿੰਘ, ਕਰਮਜੀਤ ਸਿੰਘ, ਹੁਸਨਦੀਪ ਸਿੰਘ, ਅਵਤਾਰ ਸਿੰਘ, ਸਕੱਤਰ ਸਿੰਘ, ਮਲਕੀਤ ਸਿੰਘ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਹਾਜ਼ਰ ਸਨ।

ਅਨਾਜ ਮੰਡੀਆਂ 'ਚ ਪੀਣ ਵਾਲੇ ਪਾਣੀ ਦੀ ਘਾਟ

ਮੂਨਕ (ਰਾਜਪਾਲ ਸਿੰਗਲਾ)-ਪੰਜਾਬ ਸਰਕਾਰ ਵੱਲੋਂ ਅਨਾਜ ਮੰਡੀਆਂ 'ਚ ਪੁਖਤਾ ਪ੍ਰਬੰਧਾਂ ਦੇ ਬਾਵਜੂਦ, ਪੀਣ ਵਾਲੇ ਪਾਣੀ ਦੀ ਸਮੱਸਿਆ ਦੇਖਣ ਨੂੰ ਮਿਲੀ। ਨਜ਼ਦੀਕ ਪੈਂਦੇ ਪਿੰਡ ਬੁਸਹਿਰਾ ਦੀ ਅਨਾਜ ਮੰਡੀ ਵਿੱਚ ਜਦੋਂ ਪੱਤਰਕਾਰਾਂ ਦੀ ਟੀਮ ਨੇ ਅਨਾਜ ਮੰਡੀ ਵਿੱਚ ਮਜ਼ਦੂਰ 'ਤੇ ਕਿਸਾਨ ਦੇ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿਪੈ ਰਹੀ ਕੜਾਕੇ ਦੀ ਗਰਮੀ ਦੇ ਬਾਵਜੂਦ ਪੀਣ ਵਾਲੇ ਪਾਣੀ ਦੀ ਸਭ ਤੋਂ ਵੱਡੀ ਸਮੱਸਿਆ ਪੈਦਾ ਹੋ ਰਹੀ ਹੈ। ਮਾਰਕੀਟ ਕਮੇਟੀ ਵੱਲੋਂ ਰੱਖੀ ਗਈ ਪਾਣੀ ਦੀ ਟੈਂਕੀ ਉੱਤੇ ਧੁੱਪ ਹੋਣ ਦੇ ਕਾਰਨ ਪਾਣੀ ਪੀਣ ਯੋਗ ਨਹੀਂ ਹੈ, ਜਿਸ ਕਾਰਨ ਇਹ ਪਾਣੀ ਇਧਰ ਉਧਰ ਤੋਂ ਲੈ ਕੇ ਆਉਣਾ ਪੈਂਦਾ ਹੈ। ਕਈ ਜਗ੍ਹਾ 'ਤੇ ਪਾਣੀ ਤੋ ਖਾਲੀ ਘੜੇ ਦੇਖਣ ਨੂੰ ਵੀ ਮਿਲੇ, ਘੜਿਆਂ ਦੇ ਹਾਲਾਤਾਂ ਤੋਂ ਪਤਾ ਲੱਗ ਰਿਹਾ ਸੀ ਕਿ ਘੜੀਆਂ ਅੰਦਰ ਕਈ ਦਿਨਾਂ ਤੋਂ ਪਾਣੀ ਨਹੀਂ ਪਿਆ ਹੈ। ਇਸ ਅਨਾਜ ਮੰਡੀ ਦੇ ਵਿੱਚ ਕਰੀਬ ਅੱਧਾ ਦਰਜਨ ਪਿੰਡਾਂ ਦੇ ਕਿਸਾਨਾਂ ਦੀ ਫਸਲ ਮੰਡੀ ਵਿੱਚ ਹੁੰਦੀ ਹੈ, ਫਸਲ ਮੰਡੀ ਵਿੱਚ ਸੁੱਟਣ ਲਈ ਜਗ੍ਹਾ ਦੀ ਬਹੁਤ ਕਮੀ ਹੈ, ਜਿਸ ਕਾਰਨ ਫਸਲ ਮਿੱਟੀ ਵਿੱਚ ਰੁਲ ਰਹੀ ਹੈ। ਮੌਕੇ 'ਤੇ ਮਜ਼ਦੂਰ ਤੇ ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਮੰਡੀ ਬੋਰਡ ਤੋਂ ਮੰਗ ਕੀਤੀ ਹੈ ਕਿ ਠੰਡੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਤੇ ਅਨਾਜ ਮੰਡੀ ਦੀ ਜਗ੍ਹਾ ਵਿੱਚ ਵਾਧਾ ਕੀਤਾ ਜਾਵੇ। ਇਸ ਸਬੰਧੀ ਕਮੇਟੀ ਸਕੱਤਰ ਨਰਿੰਦਰਪਾਲ ਨੇ ਕਿਹਾ ਕਿ ਜਿੱਥੇ ਵੀ ਕਿਤੇ ਅਨਾਜ ਮੰਡੀ ਵਿੱਚ ਥੋੜ੍ਹੀ ਬਹੁਤੀ ਕਮੀ ਹੈ, ਉਸ ਨੂੰ ਜਲਦੀ ਟੀਮ ਭੇਜ ਕੇ ਹੱਲ ਕਰ ਲਿਆ ਜਾਵੇਗਾ।

ਤਰਕਸ਼ੀਲ ਸੁਸਾਇਟੀ ਜ਼ੋਨ ਲੁਧਿਆਣਾ ਦੀ ਨਵੇਂ ਸੈਸ਼ਨ ਲਈ ਚੋਣ

ਜਸਵੰਤ ਜੀਰਖ ਨੂੰ ਤੀਜੀ ਵਾਰ ਜਥੇਬੰਦਕ ਮੁਖੀ ਤੇ ਆਤਮਾ ਸਿੰਘ ਨੂੰ ਵਿੱਤ ਮੁਖੀ ਚੁਣਿਆ

ਲੁਧਿਆਣਾ (ਭਾਟੀਆ, ਕਬੂਰੀਆ)

ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੀ ਸਾਲ 2023-25 ਦੋ ਸਾਲ ਲਈ ਨਵੇਂ ਅਹੁਦੇਦਾਰਾਂ ਦੀ ਚੋਣ ਜ਼ੋਨ ਵਿੱਚ ਪੈਂਦੀਆਂ ਵੱਖ ਵੱਖ ਤਰਕਸ਼ੀਲ ਇਕਾਈਆਂ ਦੇ ਡੈਲੀਗੇਟਾਂ ਵੱਲੋਂ ਕੀਤੀ ਗਈ। ਸਥਾਨਕ ਜ਼ੋਨ ਦਫਤਰ ਵਿੱਚ ਸੂਬਾ ਆਗੂ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਬਲਬੀਰ ਲੌਂਗੋਵਾਲ ਦੀ ਨਿਗਰਾਨੀ ਹੇਠ ਹੋਈ ਇਸ ਮੀਟਿੰਗ ਦੌਰਾਨ ਜਗਰਾਓਂ, ਲੁਧਿਆਣਾ, ਸੁਧਾਰ, ਮਲੇਰਕੋਟਲਾ ਤੇ ਕੋਹਾੜਾ ਇਕਾਈਆਂ ਦੇ ਆਏ ਚੋਣਵੇਂ ਡੈਲੀਗੇਟਾਂ ਦਾ ਸੁਆਗਤ ਕਰਦਿਆਂ ਜਸਵੰਤ ਜੀਰਖ ਵੱਲੋਂ ਪਿਛਲੀ ਜ਼ੋਨ ਕਮੇਟੀ ਭੰਗ ਕਰਦਿਆਂ ਅਗਲੀ ਕਾਰਵਾਈ ਲਈ ਨਿਗਰਾਨ ਵਜੋਂ ਆਏ ਸ੍ਰੀ ਬਲਬੀਰ ਲੌਂਗੋਵਾਲ ਨੂੰ ਅਗਲੀ ਕਾਰਵਾਈ ਚਲਾਉਣ ਦੀ ਅਪੀਲ ਕੀਤੀ। ਸ੍ਰੀ ਲੌਂਗੋਵਾਲ ਵੱਲੋਂ ਪਿਛਲੇ ਸੈਸ਼ਨ ਦੇ ਵਿਭਾਗੀ ਮੁਖੀਆਂ ਨੂੰ ਆਪਣੇ ਵਿਭਾਗਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕਰਨ ਦੀ ਕੀਤੀ ਅਪੀਲ ਅਨੁਸਾਰ ਜਸਵੰਤ ਜੀਰਖ ਵੱਲੋਂ ਆਪਣੇ ਜਥੇਬੰਦਕ ਵਿਭਾਗ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਪੜ੍ਹ ਕੇ ਸੁਣਾਇਆ ਗਿਆ। ਇਸ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਇਸ ਉਪਰੰਤ ਆਤਮਾ ਸਿੰਘ ਵੱਲੋਂ ਵਿੱਤ ਵਿਭਾਗ ਦੀ ਪੇਸ਼ ਕੀਤੀ ਰਿਪੋਰਟ ਨੂੰ ਵੀ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਨਵੀਂ ਕਮੇਟੀ ਦੀ ਚੋਣ ਸਮੇਂ ਜਸਵੰਤ ਜੀਰਖ ਨੂੰ ਤੀਸਰੀ ਵਾਰ ਜਥੇਬੰਦਕ ਵਿਭਾਗ ਮੁਖੀ ਤੇ ਆਤਮਾ ਸਿੰਘ ਨੂੰ ਵਿੱਤ ਵਿਭਾਗ ਮੁਖੀ ਚੁਣਿਆ ਗਿਆ। ਇਨ੍ਹਾਂ ਦੇ ਨਾਲ ਹੀ ਮੀਡੀਆ ਵਿਭਾਗ ਮੁਖੀ ਹਰਚੰਦ ਭਿੰਡਰ, ਸੱਭਿਆਚਾਰਕ ਵਿਭਾਗ ਮੁਖੀ ਸਮਸ਼ੇਰ ਨੂਰਪੁਰੀ ਤੇ ਮਾਨਸਿਕ ਸਿਹਤ ਵਿਭਾਗ ਮੁਖੀ ਮਾ. ਰਜਿੰਦਰ ਜੰਡਿਆਲੀ ਨੂੰ ਚੁਣਿਆ ਗਿਆ। ਸਾਰੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਮੀਡੀਆ ਵਿਭਾਗ ਮੁਖੀ ਹਰਚੰਦ ਭਿੰਡਰ ਨੇ ਦੱਸਿਆ ਕਿ ਸਾਰੀ ਚੋਣ ਪ੍ਰਕਿਰਿਆ ਸਰਬ ਸੰਮਤੀ ਨਾਲ ਹੋਈ, ਜਿਸ ਦੀ ਪ੍ਰਸੰਸਾ ਨਿਗਰਾਨ ਦੇ ਤੌਰ 'ਤੇ ਪਹੁੰਚੇ ਸ੍ਰੀ ਬਲਬੀਰ ਲੌਂਗੋਵਾਲ ਨੇ ਵੀ ਕੀਤੀ। ਉਨ੍ਹਾਂ ਜ਼ੋਨ ਵੱਲੋਂ ਕੀਤੀ ਉਤਸ਼ਾਹ ਭਰਪੂਰ ਕਾਰਗੁਜ਼ਾਰੀ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਸੁਸਾਇਟੀ ਦੀ ਵਿਗਿਆਨਕ ਵਿਚਾਰਧਾਰਾ ਨਾਲ ਜੋੜਨ, ਹਕੂਮਤ ਵੱਲੋਂ ਧਰਮਾਂ 'ਤੇ ਅਧਾਰਤ ਫਿਰਕਾਪ੍ਰਸਤੀ ਤੇ ਫਾਸ਼ੀਵਾਦ ਖਿਲਾਫ ਤਰਕਸ਼ੀਲ ਪਹੁੰਚ ਦਾ ਪਸਾਰਾ ਕਰਨ 'ਤੇ ਜ਼ੋਰ ਦਿੱਤਾ। ਅੰਤ ਵਿੱਚ ਸਾਰੇ ਵਿਭਾਗਾਂ ਦੇ ਚੁਣੇ ਗਏ ਮੁਖੀ ਅਗਲੀ ਮੀਟਿੰਗ ਤੋਂ ਪਹਿਲਾਂ ਆਪਣੇ ਵਿਭਾਗੀ ਕੰਮਾਂ ਦੀ ਵਿਉਂਤਬੰਦੀ ਕਰਕੇ ਲਿਖਤੀ ਰਿਪੋਰਟ ਜਥੇਬੰਦਕ ਮੁਖੀ ਨੂੰ ਭੇਜਣ ਬਾਰੇ ਫੈਸਲਾ ਲਿਆ ਗਿਆ, ਤਾਂ ਕਿ ਹੋਣ ਵਾਲੇ ਸੂਬਾ ਅਜਲਾਸ ਲਈ ਲਾਹੇਵੰਦ ਹੋ ਸਕੇ। ਇਸ ਸਮੇਂ ਉਪਰੋਕਤ ਚੁਣੇ ਗਏ ਆਗੂਆਂ ਸਮੇਤ ਮਾ. ਸੁਰਜੀਤ ਦੌਧਰ, ਕਰਤਾਰ ਸਿੰਘ ਵੀਰਾਨ, ਦਲਬੀਰ ਕਟਾਣੀ, ਮਾ. ਤਰਲੋਚਨ ਸਮਰਾਲਾ, ਬਲਵਿੰਦਰ ਸਿੰਘ, ਮੋਹਨ ਸਿੰਘ ਬਡਲਾ, ਮਾ. ਮੇਜਰ ਸਿੰਘ, ਮਲਕੀਤ ਸਿੰਘ ਸੁਧਾਰ ਤੇ ਬਿੱਲੂ ਨੰਗਲ ਬਤੌਰ ਡੈਲੀਗੇਟ ਹਾਜ਼ਰ ਸਨ।

ਕਾਤਰਾਂ

ਕੇਂਦਰੀ ਜੇਲ੍ਹ 'ਚ ਕੈਂਪ ਕੋਰਟ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸ੍ਰੀ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਸ੍ਰੀ ਸੁਰੇਸ਼ ਕੁਮਾਰ ਗੋਇਲ, ਸਿਵਲ ਜੱਜ (ਸ.ਡ.)/ਸੀ.ਜੇ.ਐੱਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਥਾਨਕ ਕੇਂਦਰੀ ਜੇਲ੍ਹ ਵਿੱਚ ਕੈਂਪ ਕੋਰਟ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਚਾਰ ਕੈਦੀਆਂ ਨੂੰ ਜੁਰਮ ਕਬੂਲ ਕਰਨ ਦੇ ਆਧਾਰ ਉਪਰ ਛੱਡਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਸੁਰੇਸ਼ ਕੁਮਾਰ ਗੋਇਲ, ਸਿਵਲ ਜੱਜ (ਸ.ਡ.)/ਸੀ.ਜੇ.ਐਮ.-ਕਮ-ਸਕੱਤਰ ਨੇ ਦੱਸਿਆ ਕਿ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਹੀਨੇ ਦੇ ਹਰੇਕ ਸ਼ਨੀਵਾਰ ਕੈਂਪ ਕੋਰਟ ਲਗਾਈ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਆਮ ਜਨਤਾ ਨੂੰ 13 ਮਈ 2023 ਨੂੰ ਲੱਗ ਰਹੀ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

ਪ੍ਰੋ. ਉੱਪਲ ਇੰਟਰਨੈਸ਼ਨਲ ਗੁੱਡਵਿਲ ਸੋਸਾਇਟੀ ਦੇ ਪ੍ਰਧਾਨ ਨਾਮਜ਼ਦ

ਮਲੋਟ (ਗੁਰਮੀਤ ਸਿੰਘ ਮੱਕੜ)-ਪ੍ਰੋ. ਰਜਿੰਦਰ ਕੁਮਾਰ ਉੱਪਲ ਇੱਕ ਉੱਘੇ ਲੇਖਕ, ਇੱਕ ਮੈਨ ਆਫ਼ ਲੈਟਰਸ, ਇੱਕ ਮੰਨੇ-ਪ੍ਰਮੰਨੇ ਅਕਾਦਮਿਕ, ਇੱਕ ਖੋਜ ਸਟਾਲਵਰਟ ਤੇ ਵਧੇਰੇ ਸੂਝਵਾਨ ਮਾਰਗਦਰਸ਼ਕ ਨੇ ਨਾ ਸਿਰਫ ਅਕਾਦਮਿਕ ਖੇਤਰ ਵਿੱਚ, ਬਲਕਿ ਖੋਜ ਦੀ ਵਿਧਾ ਵਿੱਚ ਵੀ ਪ੍ਰਸੰਸਾ ਪ੍ਰਾਪਤ ਕੀਤੀ ਹੈ। ਵਰਤਮਾਨ ਵਿੱਚ ਉਹ ਸਭ ਤੋਂ ਉੱਤਮ ਸੰਸਥਾ, ਬਾਬਾ ਫਰੀਦ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ (ਪੰਜਾਬ) ਵਿੱਚ ਬਤੌਰ ਪ੍ਰੋਫੈਸਰ-ਕਮ-ਪ੍ਰਿੰਸੀਪਲ ਸੇਵਾ ਕਰ ਰਿਹਾ ਹੈ। ਪ੍ਰੋ. ਆਰ. ਕੇ. ਉੱਪਲ ਨੂੰ ਇੰਟਰਨੈਸ਼ਨਲ ਗੁੱਡਵਿਲ ਸੋਸਾਇਟੀ ਆਫ ਇੰਡੀਆ (ਪੰਜਾਬ ਚੈਪਟਰ) ਦਾ ਪ੍ਰਧਾਨ ਨਾਮਜ਼ਦ ਕੀਤਾ ਗਿਆ। ਪ੍ਰੋ. ਉੱਪਲ ਨੇ ਇਸ ਨਾਮਜ਼ਦਗੀ ਲਈ ਆਈ.ਜੀ.ਐੱਸ.ਆਈ. ਦੇ ਪ੍ਰਧਾਨ ਤੇ ਸਕੱਤਰ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਬਹੁਤ ਸਾਰੀਆਂ ਸੰਸਥਾਵਾਂ, ਖੋਜਕਰਤਾਵਾਂ ਤੇ ਸਿੱਖਿਆ ਸ਼ਾਸਤਰੀਆਂ ਨੇ ਆਈ.ਜੀ.ਐੱਸ.ਆਈ. ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

ਖੋਹ ਦੇ ਮਾਮਲੇ 'ਚ ਰੈਗੂਲਰ ਜ਼ਮਾਨਤ ਖ਼ਾਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੀ ਸੈਸ਼ਨ ਅਦਾਲਤ ਨੇ ਮੋਬਾਈਲ ਖੋਹ ਦੇ ਮ

page-6-17-(APRIL)-2023-G-(BV).qxd 4/16/2023 10:10 PM Page 1

ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਵਿਖੇ ਡਾ. ਅੰਬੇਡਕਰ ਦਾ ਜਨਮ ਦਿਨ ਤੇ ਵਿਸਾਖੀ ਦਿਹਾੜਾ ਮਨਾਇਆ

ਨਾਭਾ, (ਵਰਿੰਦਰ ਵਰਮਾ)- ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ (ਰਜਿ: 239) ਨਾਭਾ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਤੇ ਵਿਸਾਖੀ (ਖਾਲਸਾ ਸਾਜਨਾ ਦਿਵਸ) ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸੁਸਾਇਟੀ ਮੈਂਬਰ ਵੱਡੀ ਗਿਣਤੀ ਵਿੱਚ ਡੇਰਾ ਸ੍ਰੀ ਗੁਰੂ ਰਵਿਦਾਸ ਵਿਖੇ ਇਕੱਠੇ ਹੋ ਕੇ ਕਾਫਲੇ ਦੇ ਰੂਪ ਵਿੱਚ ਪਟਿਆਲਾ ਗੇਟ ਨਾਭਾ ਵਿਖੇ ਬਾਬਾ ਸਾਹਿਬ ਦੇ ਬੁੱਤ 'ਤੇ ਫੁੱਲ ਮਾਲਾ ਭੇਟ ਕਰਨ ਲਈ ਰਵਾਨਾ ਹੋਏ। ਫੁੱਲ ਮਾਲਾ ਭੇਟ ਕਰਨ ਉਪਰੰਤ ਉੱਥੇ ਹੀ ਭਰਾਤਰੀ ਜਥੇਬੰਦੀਆਂ ਵੱਲੋਂ ਰੱਖੇ ਸਰਬ ਸਾਂਝੇ ਪ੍ਰੋਗਰਾਮ 'ਚ ਸ਼ਾਮਲ ਹੋਏ। ਇਸ ਮੌਕੇ ਜਸਪਾਲ ਸਿੰਘ ਨੇ ਮਿਸ਼ਨਰੀ ਗੀਤ ਗਾਇਆ। ਅਮਰ ਸਿੰਘ ਟੋਡਰਵਾਲ, ਦਲਵੀਰ ਸਿੰਘ, ਮਾਸਟਰ ਜਗਤਾਰ ਸਿੰਘ (ਸਟੇਟ ਐਵਾਰਡੀ), ਰਾਮਧਨ ਸਿੰਘ ਰਾਮਗੜ੍ਹ ਨੇ ਸਮੂਹ ਭਰਾਤਰੀ ਜਥੇਬੰਦੀਆਂ ਨੂੰ ਪਾਰਟੀ ਬਾਜ਼ੀ ਤੋਂ ਉਪਰ ਉੱਠ ਕੇ ਆਪਣੇ ਨਿੱਜੀ ਹਿੱਤਾਂ ਨੂੰ ਛੱਡਦੇ ਹੋਏ ਇਕੱਠੇ ਹੋਣ ਲਈ ਪ੍ਰੇਰਿਤ ਕੀਤਾ। ਸ਼ਾਮ 4 ਵਜੇ ਤੋਂ 7 ਵਜੇ ਤੱਕ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਬਾਬਾ ਸੁਖਦੇਵ ਸਿੰਘ ਗੁੰਬੀ ਸਿੰਘ ਨੇ ਵਿਸਾਖੀ (ਖਾਲਸਾ ਸਾਜਨਾ ਦਿਵਸ) ਦੇ ਸਬੰਧ ਵਿੱਚ ਇਤਿਹਾਸਕ ਵਿਚਾਰਾਂ ਕੀਤੀਆਂ। ਸ. ਦਲਵੀਰ ਸਿੰਘ ਛੀਟਾਂਵਾਲਾ, ਅਮਰ ਸਿੰਘ ਟੋਡਰਵਾਲ ਨੇ ਬਾਬਾ ਸਾਹਿਬ ਦੇ ਜੀਵਨ ਸੰਘਰਸ਼ 'ਤੇ ਚਾਨਣਾ ਪਾਇਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਅਮਰੀਕਾ ਤੋਂ ਪਹੁੰਚੇ ਐੱਨ.ਆਰ.ਆਈ. ਭਰਾ ਸ੍ਰ. ਰਵਿੰਦਰ ਸਿੰਘ ਨੇ ਵੀ ਆਪਣੇ ਸੰਬੋਧਨ 'ਚ ਨਾਭਾ ਵਿਖੇ ਗਰੀਬ ਲੋਕਾਂ ਲਈ ਹਰ ਤਰ੍ਹਾਂ ਦੀ ਸਹੂਲਤ ਵਾਲਾ ਹਸਪਤਾਲ ਤੇ ਗਰੀਬ ਬੱਚਿਆਂ ਲਈ ਸਟੱਡੀ ਸੈਂਟਰ ਖੋਲ੍ਹਣ ਦੀ ਇੱਛਾ ਪ੍ਰਗਟ ਕੀਤੀ, ਜਿਸ ਲਈ ਏਰੀਆ ਤੇ ਜ਼ਮੀਨ ਦੀ ਤਲਾਸ਼ ਕੀਤੀ ਜਾ ਰਹੀ ਹੈ। ਉਪਰੰਤ ਸੋਸਾਇਟੀ ਵੱਲੋਂ ਸ੍ਰੀ ਹੰਸ ਰਾਜ ਜੀ ਅਲੌਹਰਾਂ ਗੇਟ ਨਾਭਾ ਤੇ ਹੋਰ ਸਾਥੀਆਂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਸਮੂਹ ਸੰਗਤਾਂ ਦੇ ਨਾਲ ਰਵਿੰਦਰ ਸਿੰਘ ਲੈਕਚਰਾਰ, ਗੁਰਮੁੱਖ ਸਿੰਘ ਤੂੰਗਾਂ, ਦਰਸ਼ਨ ਸਿੰਘ, ਹਰਜਿੰਦਰ ਸਿੰਘ, ਭਾਨ ਸਿੰਘ ਕਾਮਰੇਡ ਬਲਦੇਵ ਕਲੋਨੀ ਨਾਭਾ, ਹਰਨੇਕ ਸਿੰਘ ਗੁਰਦੇਵ ਕਲੋਨੀ, ਕ੍ਰਿਸ਼ਨ ਭਡੜੋ, ਜਸਪਾਲ ਸਿੰਘ, ਜਸਕਰਨ ਸਿੰਘ, ਅੰਮ੍ਰਿਤਪਾਲ ਸਿੰਘ, ਵੀਰ ਦਵਿੰਦਰ ਸਿੰਘ, ਡਾ. ਮੇਹਰ ਸਿੰਘ, ਮੋਹਨ ਸਿੰਘ, ਭਵੀਸ਼ਨ ਸਿੰਘ, ਮਾ. ਨੌਰੰਗ ਸਿੰਘ ਆਦਿ ਹਾਜ਼ਰ ਸਨ।

ਕੱਚੇ ਅਧਿਆਪਕ ਆਗੂ ਦੀਆਂ ਸੇਵਾਵਾਂ ਖਤਮ ਕਰਨ ਲਈ ਸਰਕਾਰ ਵੱਲੋਂ ਭੇਜਿਆ 'ਕਾਰਨ ਦੱਸੋ ਨੋਟਿਸ' ਬੋਲਣ ਦੇ ਸੰਵਿਧਾਨਕ ਹੱਕ 'ਤੇ ਹਮਲਾ : ਡੀ ਟੀ ਐੱਫ

ਮੋਗਾ (ਅਮਰਜੀਤ ਬੱਬਰੀ)-ਕੱਚੇ ਅਧਿਆਪਕਾਂ ਦੀਆਂ ਮੰਗਾਂ ਦੇ ਹੱਲ ਕਰਨ ਲਈ ਸਿੱਖਿਆ ਮੰਤਰੀ ਵੱਲੋਂ ਕੱਚੇ ਅਧਿਆਪਕ ਵਲੰਟੀਅਰ ਯੂਨੀਅਨ ਨਾਲ ਤੈਅ ਕੀਤੀ ਗਈ ਮੀਟਿੰਗ ਮੌਕੇ ਮੰਗਾਂ ਦਾ ਨਿਪਟਾਰਾ ਕਰਨ ਦੀ ਬਜਾਏ ਯੂਨੀਅਨ ਦੇ ਸੂਬਾ ਆਗੂ ਉੱਪਰ ਹੁੱਲੜਬਾਜ਼ੀ ਕਰਨ ਤੇ ਸਿੱਖਿਆ ਮੰਤਰੀ ਦੀ ਕਾਰ ਭੰਨਣ ਵਰਗੇ ਕਥਿਤ ਦੋਸ਼ ਲਗਾ ਕੇ ਉਸ ਦੀਆਂ ਸੇਵਾਵਾਂ ਖਤਮ ਕਰਨ ਦੇ ਭੇਜੇ ਕਾਰਨ ਦੱਸੋ ਨੋਟਿਸ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਘੋਰ ਨਿਖੇਧੀ ਕਰਦਿਆਂ ਇਸ ਨੂੰ ਅਧਿਆਪਕਾਂ ਦੇ ਲਿਖਣ ਤੇ ਬੋਲਣ ਦੇ ਸੰਵਿਧਾਨਕ ਹੱਕਾਂ ਉੱਪਰ ਸਰਕਾਰੀ ਹਮਲਾ ਦੱਸਿਆ। ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਤੇ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਕੱਚੇ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੇ ਦਾਅਵੇ ਕਰਨ ਵਾਲੀ ਆਪ ਦੀ ਸੂਬਾ ਸਰਕਾਰ ਹੁਣ ਉਨ੍ਹਾਂ ਦੀਆਂ ਸੇਵਾਵਾਂ ਹੀ ਖਤਮ ਕਰਨ ਦੇ ਰਾਹ ਪੈ ਗਈ ਹੈ। ਉਨ੍ਹਾਂ ਕਿਹਾ ਕਿ ਦਿਨ/ਰਾਤ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਝੂਠਾ ਪ੍ਰਚਾਰ ਕਰਨ ਵਾਲੀ ਸਰਕਾਰ ਮੁਲਾਜ਼ਮਾਂ ਨੂੰ ਲਿਖਣ ਤੇ ਬੋਲਣ ਦੀ ਮਿਲੇ ਸੰਵਿਧਾਨਕ ਆਜ਼ਾਦੀ ਦਾ ਮਲੀਆਮੇਟ ਕਰਨ ਲੱਗ ਪਈ ਹੈ। ਡੀ ਟੀ ਐੱਫ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਤੇ ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੀ ਇਸ ਕਾਰਵਾਈ ਉੱਪਰ ਗੌਰ ਕਰਕੇ ਅਧਿਆਪਕ ਆਗੂ ਦੀਆਂ ਸੇਵਾਵਾਂ ਨੂੰ ਬਹਾਲ ਕਰਨ ਤੇ ਸਮੂਹ ਕੱਚੇ ਅਧਿਆਪਕਾਂ ਨੂੰ ਪੱਕਾ ਕਰਕੇ ਆਪਣਾ ਕੀਤਾ ਵਾਅਦਾ ਨਿਭਾਉਣ ਦੀ ਪਹਿਲ ਕਦਮੀ ਕਰਨ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਅਜਿਹਾ ਨਾ ਕਰਨ 'ਤੇ ਉਹ ਹੋਰਨਾਂ ਅਧਿਆਪਕ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ਚੇਅਰਮੈਨ ਘੁੱਲੀ ਨੇ ਅਨਾਜ ਮੰਡੀ ਕੰਧਾਰਗੜ੍ਹ ਵਿਖੇ ਕਣਕ ਦੀ ਖਰੀਦ ਕਰਵਾਈ ਸ਼ੁਰੂ

ਧੂਰੀ (ਸੁਖਦੇਵ ਧੂਰੀ)-ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਵੱਲੋਂ ਪਿੰਡ ਕੰਧਾਰਗੜ੍ਹ ਵਿਖੇ ਅਨਾਜ ਮੰਡੀ 'ਚ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਕਣਕ ਦੀ ਖਰੀਦ ਸ਼ੁਰੂ ਕਰਵਾਈ। ਇਸ ਮੌਕੇ ਮੌਜੂਦਾ ਆੜ੍ਹਤੀਆ ਭਾਈਚਾਰੇ ਨੇ ਖਰੀਦ ਕੇਂਦਰ ਕੰਧਾਰਗੜ੍ਹ ਦਾ ਫੜ੍ਹ ਚੌੜਾ ਕਰਨ ਲਈ ਚੇਅਰਮੈਨ ਘੁੱਲੀ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ। ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਧੂਰੀ ਹਲਕੇ ਦੀਆਂ ਅਨਾਜ ਮੰਡੀਆਂ ਦੀ ਵਿਕਾਸ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਅਨਾਜ ਮੰਡੀਆਂ ਵੱਲ ਵਿਕਾਸ ਦਾ ਧਿਆਨ ਨਾ ਦੇਣ ਕਾਰਨ ਮੰਡੀਆਂ ਦੀ ਹਾਲਤ ਖਸਤਾ ਹੈ ਤੇ ਉਹ ਇਨ੍ਹਾਂ ਅਨਾਜ ਮੰਡੀਆਂ ਦੀ ਹਾਲਤ 'ਚ ਸੁਧਾਰ ਕਰਨ ਲਈ ਕੋਈ ਕਸਰ ਨਹੀਂ ਛੱਡਣਗੇ। ਇਸ ਮੌਕੇ ਰਛਪਾਲ ਸਿੰਘ ਮੈਂਬਰ ਬਲਾਕ ਸੰਮਤੀ, ਆਪ ਆਗੂ ਅਮਰਦੀਪ ਸਿੰਘ ਧਾਂਦਰਾ, ਆਪ ਆਗੂ ਭਿੰਦਾ ਵਿਰਕ, ਮਾਰਕਿਟ ਕਮੇਟੀ ਦੇ ਅਧਿਕਾਰੀ ਜਸਵੰਤ ਸਿੰਘ ਤੇ ਕਰਮਜੀਤ ਸਿੰਘ, ਗੁਰੀ ਸਿੰਘ ਮਾਨ, ਬਲਵੀਰ ਸਿੰਘ ਈ ਸੀ ਅਤੇ ਆੜ੍ਹਤੀਆ ਭਾਈਚਾਰੇ ਵੱਲੋਂ ਸ਼ਿੰਦਰਪਾਲ ਸਿੰਘ ਬਾਵਾ, ਕ੍ਰਿਸ਼ਨ ਗੋਪਾਲ, ਕੁਲਵਿੰਦਰ ਸਿੰਘ ਰੰਧਾਵਾ ਮੀਮਸਾ, ਧਰਮਿੰਦਰ ਸਿੰਘ ਕੌਲਸੇੜੀ, ਮਨੀਸ਼ ਕੁਮਾਰ, ਰਣਜੀਤ ਸਿੰਘ, ਮਨਪ੍ਰੀਤ ਸਿੰਘ, ਜੈ ਭਗਵਾਨ ਤੇ ਦਵਿੰਦਰ ਸਿੰਘ ਸੋਹੀ ਤੋਂ ਇਲਾਵਾ ਹੋਰ ਕਿਸਾਨ ਅਤੇ ਆਪ ਆਗੂ ਹਾਜ਼ਰ ਸਨ।

ਅੱਜ ਪਾਵਰਕਾਮ ਦੇ ਸਰਕਲ ਦਫਤਰ ਅੱਗੇ ਰੋਸ ਧਰਨਾ ਦੇਣ ਦਾ ਐਲਾਨ

ਤਰਨ ਤਾਰਨ (ਨਜ਼ਸ)-ਪਾਵਰਕਾਮ ਮੈਨਜਮੈਂਟ ਵੱਲੋਂ ਐੱਸਈ ਖਹਿਰਾ ਦੀ ਸਿਆਸੀ ਅਧਾਰ 'ਤੇ ਕੀਤੀ ਬਦਲੀ ਖਿਲਾਫ ਸਥਾਨਕ ਗਾਂਧੀ ਪਾਰਕ ਵਿੱਚ ਮੁਲਾਜ਼ਮ, ਮਜ਼ਦੂਰ, ਕਿਸਾਨ ਜਥੇਬੰਦੀਆਂ ਅਤੇ ਇੰਜੀਨੀਅਰ ਐਸੋਸੀਏਸ਼ਨ ਦੀ ਹੋਈ ਸਾਂਝੀ ਹੰਗਾਮੀ ਮੀਟਿੰਗ ਵਿੱਚ ਨਜਾਇਜ਼ ਬਦਲੀ ਖਿਲਾਫ 17 ਅਪਰੈਲ ਨੂੰ ਪਾਵਰਕਾਮ ਦੇ ਸਥਾਨਕ ਸਰਕਲ ਦਫਤਰ ਸਾਹਮਣੇ ਰੋਸ ਧਰਨਾ ਲਗਾਉਣ ਉਪਰੰਤ ਸ਼ਹਿਰ ਵਿੱਚ ਰੋਸ ਮਾਰਚ ਕਰਨ ਦੀ ਤਿਆਰੀ ਕੀਤੀ ਗਈ। ਇਸ ਮੀਟਿੰਗ ਵਿੱਚ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ, ਕਿਸਾਨ ਸੰਘਰਸ਼ ਕਮੇਟੀ ਕਵਲਪ੍ਰੀਤ ਸਿੰਘ ਪੰਨੂ ਦੇ ਆਗੂ ਗੁਰਬਚਨ ਸਿੰਘ ਘੜਕਾ, ਜਮਹੂਰੀ ਕਿਸਾਨ ਸਭਾ ਦੇ ਆਗੂ ਦਲਜੀਤ ਸਿੰਘ ਦਿਆਲਪੁਰ, ਪੰਜਾਬ ਕਿਸਾਨ ਸਭਾ ਦੇ ਆਗੂ ਤਾਰਾ ਸਿੰਘ ਖਹਿਰਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਸੁਲੱਖਣ ਸਿੰਘ ਤੁੜ, ਪਾਵਰਕਾਮ/ਟ੍ਰਾਂਸਕੋ ਪੈਨਸ਼ਨਰ ਯੂਨੀਅਨ ਦੇ ਆਗੂ ਨਰਿੰਦਰ ਬੇਦੀ, ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਗੁਰਪ੍ਰੀਤ ਸਿੰਘ ਮੰਨ, ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਆਗੂ ਪੂਰਨ ਦਾਸ, ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਦੇ ਆਗੂ ਮੇਜਰ ਸਿੰਘ ਮੱਲੀਆਂ, ਅਕਾਊਂਟ ਕੇਡਰ ਦੇ ਆਗੂ ਸਿਮਰਨਜੀਤ ਸਿੰਘ, ਕਰਮਚਾਰੀ ਦਲ ਦੇ ਆਗੂ ਚਰਨਜੀਤ ਸਿੰਘ ਝਬਾਲ, ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਆਗੂ ਪ੍ਰਗਟ ਸਿੰਘ ਚੰਬਾ, ਕਿਸਾਨ ਮਜ਼ਦੂਰ ਸੰਘਰਸ ਕਮੇਟੀ ਦੇ ਆਗੂ ਫਤਿਅ ਸਿੰਘ, ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂ ਅਵਤਾਰ ਸਿੰਘ ਕੈਰੋਂ, ਇੰਪਲਾਈਜ਼ ਫੈਡਰੇਸ਼ਨ ਚਾਹਲ ਦੇ ਆਗੂ ਮੰਗਲ ਸਿੰਘ ਠਰੂ , ਰੋਡਵੇਜ਼ ਕਾਮਿਆਂ ਦੇ ਆਗੂ ਸਵਰਨ ਸਿੰਘ, ਡੈਮੋਕ੍ਰੇਟਿਕ ਮੁਲਾਜ਼ਮ ਫਰੰਟ ਦੇ ਆਗੂ ਪ੍ਰਤਾਪ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਆਗੂ ਅੰਮ੍ਰਿਤਪਾਲ ਸਿੰਘ ਜੌੜਾ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਆਗੂ ਕੰਵਰਦੀਪ ਸਿੰਘ ਢਿੱਲੋਂ, ਏਟਕ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਇੰਜੀਨੀਅਰ ਐਸੋਸੀਏਸ਼ਨ ਦੇ ਆਗੂ ਇੰਜੀ: ਟੀ ਪੀ ਸਿੰਘ, ਇੰਜੀ: ਮਨਦੀਪ ਸਿੰਘ, ਇੰਜੀ : ਹਰਦੀਪ ਸਿੰਘ, ਦੰਗਾ ਪੀੜਤ ਕਮੇਟੀ ਦੇ ਆਗੂ ਮਨਜੀਤ ਸਿੰਘ, ਐਮਐਸਯੂ ਦੇ ਆਗੂ ਸੁਖਵੰਤ ਸਿੰਘ, ਹੈਲਥ ਕਾਮਿਆਂ ਦੇ ਆਗੂ ਰਜਵੰਤ ਸਿੰਘ ਬਾਗੜੀਆਂ, ਫੋਕਲ ਪੁਆਇੰਟ ਐਸੋਸੀਏਸਨ ਤਰਨ ਤਾਰਨ ਦੇ ਪ੍ਰਧਾਨ ਹਰਭਜਨ ਸਿੰਘ ਕੈਰੋਂ, ਗੋਇੰਦਵਾਲ ਇੰਡਸਟਰੀਅਲ ਐਸੋਸੀਏਸ਼ਨ ਦੇ ਆਗੂ ਰਮਨਦੀਪ ਸਿੰਘ ਭਰੋਵਾਲ, ਆੜ੍ਹਤੀਆ ਐਸੋਸੀਏਸ਼ਨ ਦੇ ਆਗੂ ਕਰਨੈਲ ਸਿੰਘ ਦੇਊ ਆਦਿ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕੇ ਨਜਾਇਜ਼ ਬਦਲੀ ਤੁਰੰਤ ਰੱਦ ਕੀਤੀ ਜਾਵੇ ਅਤੇ ਐਸਈ ਖਹਿਰਾ ਨਾਲ ਕੈਬਨਿਟ ਮੰਤਰੀ ਵੱਲੋਂ ਕੀਤੇ ਦੁਰਵਿਹਾਰ ਦਾ ਇਨਸਾਫ ਦਿੱਤਾ ਜਾਵੇ।

ਆਗੂਆਂ ਦੇ ਵਫਦ ਨੇ ਮੀਟਿੰਗ ਉਪਰੰਤ ਸਥਾਨਿਕ ਹਲਕੇ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੂੰ ਮੰਗ ਪੱਤਰ ਦੇ ਕੇ ਬਦਲੀ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ।

ਡਾ: ਹਰਨੂਰ ਕੌਰ ਢਿੱਲੋਂ ਨੇ ਦਾਣਾ ਮੰਡੀ ਮਜੀਠਾ ਵਿਖੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ

ਮਜੀਠਾ (ਸੋਇਮ ਆਨੰਦ)-ਸੂਬੇ ਭਰ ਵਿੱਚ ਆਪ ਸਰਕਾਰ ਵੱਲੋਂ ਕਣਕ ਦੀ ਸਰਕਾਰੀ ਖਰੀਦ ਪਹਿਲੀ ਅਪ੍ਰੈਲ ਤੋਂ ਸ਼ੁਰੂ ਕਰਨ ਦੇ ਹੁਕਮ ਦਿੱਤੇ ਗਏ ਸਨ ਪਰ ਅਚਾਨਕ ਮੌਸਮ ਵਿੱਚ ਆਈ ਤਬਦੀਲੀ ਅਤੇ ਬੇਮੌਸਮੀ ਬਰਸਾਤ ਨਾਲ ਕਣਕ ਵਿਚ ਭਾਰੀ ਨਮੀ ਆਉਣ ਕਾਰਣ ਕਣਕ ਦੀ ਫਸਲ ਮੰਡੀਆਂ ਵਿੱਚ ਦੇਰੀ ਨਾਲ ਆਉਣੀ ਸ਼ੁਰੂ ਹੋਈ ਹੈ। ਦਾਣਾ ਮੰਡੀ ਮਜੀਠਾ ਵਿੱਚ ਵੀ ਕਣਕ ਦੀ ਆਮਦ ਸ਼ੁਰੂ ਹੋ ਗਈ ਹੈ। ਸਰਕਾਰ ਦੇ ਮਾਪਦੰਡ ਪੂਰੇ ਕਰਨ ਵਾਲੀ ਕਣਕ ਦੀ ਪਹਿਲੀ ਢੇਰੀ ਅੱਜ ਐਸਡੀਐਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਵੱਲੋਂ ਬਾਕਾਇਦਾ ਤੌਰ ਤੇ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ। ਇਸ ਮੌਕੇ ਗੱਲ ਕਰਦਿਆਂ ਡਾ: ਹਰਨੂਰ ਕੌਰ ਢਿੱਲੋਂ ਨੇ ਮੰਡੀ ਦਾ ਦੌਰਾ ਕਰਨ ਤੋਂ ਬਾਅਦ ਕਿਹਾ ਕਿ ਮਾਰਕੀਟ ਕਮੇਟੀ ਮਜੀਠਾ ਅਧੀਨ ਆਉਂਦੀਆਂ ਮੰਡੀਆਂ ਵਿੱਚ ਕਣਕ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਖਰੀਦ ਏਜੰਸੀਆਂ ਮੰਡੀਆਂ ਵਿੱਚ ਪਹੁੰਚ ਚੁੱਕੀਆਂ ਹਨ। ਸਰਕਾਰ ਦੀਆਂ ਸ਼ਰਤਾਂ ਅਤੇ ਮਾਪਦੰਡਾਂ ਅਨੁਸਾਰ ਖਰੀਦ ਏਜੰਸੀਆਂ ਨੇ ਕਣਕ ਦੀ ਖਰੀਦ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਖਰੀਦ ਪ੍ਰਬੰਧਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਬਾਰਦਾਨਾ ਵੀ ਪਹੁੰਚ ਚੁੱਕਾ ਹੈ। ਕਿਸਾਨਾਂ ਦੇ ਪੀਣ ਵਾਸਤੇ ਸਾਫ ਸੁਥਰੇ ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ ਹੇ। ਰਾਤ ਵਾਸਤੇ ਬਿਜਲੀ ਦਾ ਪ੍ਰਬੰਧ ਕਰ ਲਿਆ ਗਿਆ ਹੈ ਕਿਸਾਨਾਂ ਦੇ ਠਹਿਰਨ ਵਾਸਤੇ ਆਰਾਮ ਘਰਾਂ ਦਾ ਵੀ ਪ੍ਰਬੰਧ ਹੈ। ਕਣਕ ਦੀ ਲਿਫਟਿੰਗ ਬਾਰੇ ਪੁੱਛੇ ਜਾਣ ਤੇ ਉਨ੍ਹਾਂ ਕਿਹਾ ਕਿ ਪ੍ਰਾਈਵੇਟ ਟਰਾਂਸਪੋਰਟ ਦੇ ਠੇਕੇਦਾਰ ਨਾਲ ਵੀ ਗੱਲ ਹੋ ਚੁੱਕੀ ਹੈ ਟਰਾਂਸਪੋਰਟ ਦਾ ਕੰਮ ਤਿਆਰ ਹੈ ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਣਕ ਢੋਣ ਵਾਲੇ ਹਰੇਕ ਟਰੱਕ ਵਿੱਚ ਜੀ.ਪੀ.ਐਸ. ਸਿਸਟਮ ਲੱਗ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸੀਜਨ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਨਹੀ ਆਉਣ ਦਿੱਤੀ ਜਾਵੇਗੀ। ਇਸ ਮੌਕੇ ਏਐੱਫਐਸਓ ਮੈਡਮ ਮੀਨੂੰ ਸ਼ਰਮਾ ਨੇ ਕਿਸਾਨਾ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਖੱਜਲ ਖੁਆਰੀ ਤੋਂ ਬਚਣ ਅਤੇ ਜਿਨਸ ਦਾ ਪੂਰਾ ਮੁੱਲ ਲੈਣ ਵਾਸਤੇ ਉਹ ਮੰਡੀਆਂ ਵਿੱਚ ਕਣਕ ਸੁਕਾ ਕੇ ਲਿਆਉਣ ਜਿਸ ਨਾਲ ਕਿਸਾਨਾਂ ਨੂੰ ਮੰਡੀਆਂ ਵਿੱਚ ਜਿਆਦਾ ਦੇਰ ਰੁਕਣਾ ਨਹੀ ਪਵੇਗਾ।

ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸਾਨਾਂ ਨੂੰ ਕਿਸੇ ਤਰ੍ਹਾਂ ਦਾ ਕੱਟ ਨਹੀ ਲਗਾਇਆ ਜਾਵੇਗਾ। ਕੇਂਦਰ ਸਰਕਾਰ ਵੱਲੋਂ ਲਗਾਏ ਗਏ ਕੱਟ

17-APRIL-PAGE-7.qxd 4/16/2023 8:48 PM Page 1

ਪੱਲੇਦਾਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ

■ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ

ਜ਼ੀਰਾ (ਪਰਮਜੀਤ ਸਿੰਘ ਧੰਜੂ)-ਫੂਡ ਗਰੇਨ ਐਂਡ ਅਲਾਇਡ ਯੂਨੀਅਨ ਜ਼ੀਰਾ ਤੇ ਪੰਜਾਬ ਪ੍ਰਦੇਸ ਪੱਲੇਦਾਰ ਯੂਨੀਅਨ ਦੇ ਅਹੁਦੇਦਾਰ ਤੇ ਵਰਕਰਾਂ ਨੇ ਦਾਣਾ ਮੰਡੀ ਜ਼ੀਰਾ ਤੋਂ ਪੈਦਲ ਤੁਰ ਕੇ ਮੇਨ ਚੌਕ ਜ਼ੀਰਾ ਵਿੱਚ ਖੜ ਕੇ ਸਰਕਾਰ ਤੇ ਠੇਕੇਦਾਰ ਖਿਲਾਫ ਨਾਅਰੇਬਾਜ਼ੀ ਕਰਦੇ ਰੋਸ ਪ੍ਰਦਰਸ਼ਨ ਕੀਤਾ ਤੇ ਵਿਧਾਇਕ ਨਰੇਸ਼ ਕਟਾਰੀਆ ਨੂੰ ਮੰਗ ਪੱਤਰ ਦਿੱਤਾ ਗਿਆ। ਬੀਤੀ 31 ਮਾਰਚ 2023 ਨੂੰ ਉਕਤ ਠੇਕੇਦਾਰ ਵੱਲੋਂ ਪਿਛਲੇ 3 ਸਾਲਾਂ ਤੋਂ ਉਨ੍ਹਾਂ ਦੀ ਲੇਬਰ ਬੜੀ ਖੱਜਲ ਖੁਆਰ ਹੋ ਰਹੀ ਹੈ ਤੇ ਸੀਜ਼ਨ ਦੀ ਰਕਮ ਵੀ 2-3 ਮਹੀਨੇ ਬਾਅਦ ਮਿਲਦੀ ਹੈ ਤੇ ਸਾਡੇ ਰੇਟ ਇੱਕ ਸਾਲ ਦੇ ਤੈਅ ਹੁੰਦੇ ਹਨ, ਪਰ ਠੇਕੇਦਾਰ ਵੱਲੋਂ ਆਪਣੀ ਮਰਜ਼ੀ ਨਾਲ ਧੌਂਸ ਜਮਾ ਕੇ ਸਾਨੂੰ ਆਪਣੀ ਮਰਜ਼ੀ ਦੇ ਰੇਟ ਦਿੱਤੇ ਜਾਂਦੇ ਹਨ ਤੇ ਸਾਨੂੰ ਧਮਕੀਆਂ ਦਿੰਦੇ ਹਨ ਕਿ ਸਾਡੀ ਮੰਤਰੀਆਂ ਨਾਲ ਸਿੱਧੀ ਗੱਲਬਾਤ ਹੈ ਤੇ ਨਾ ਹੀ ਸਾਡਾ ਪਿਛਲੇ ਤਿੰਨਾਂ ਸਾਲਾਂ ਤੋਂ ਈ ਪੀ ਐੱਫ ਫੰਡ ਪੂਰਾ ਜਮ੍ਹਾਂ ਨਹੀਂ ਕਰਵਾਇਆ, ਜੋ ਕਿ ਸਾਡਾ ਲੇਬਰ ਵਿੱਚ 600-700 ਬੰਦਾ ਸਪੈਸ਼ਲਾਂ ਦਾ ਕੰਮ ਕਰਦਾ ਹੈ। ਪਿਛਲੇ 3 ਸਾਲਾ ਤੋਂ ਠੇਕੇਦਾਰ ਨੇ ਸਾਡਾ ਬਹੁਤ ਹੀ ਖੂਨ ਨਚੋੜਿਆ ਹੈ ਤੇ ਇਸ ਨੇ ਬਹੁਤ ਮੋਟੀ ਕਮਾਈ ਕੀਤੀ ਹੈ, ਪਰ ਸਾਡਾ ਰੋਟੀ ਦਾ ਗੁਜ਼ਾਰਾ ਵੀ ਬਹੁਤ ਮੁਸ਼ਕਲ ਨਾਲ ਹੁੰਦਾ ਹੈ।

ਵਿਧਾਇਕ ਨਰੇਸ਼ ਕਟਾਰੀਆ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇਗਾ। ਇਸ ਸਮੇਂ ਆਗੂ ਬਲਕਾਰ ਸਿੰਘ, ਛਿੰਦਰ ਸਿੰਘ, ਸੁਖਦੇਵ ਸਿੰਘ, ਹਰਦੇਵ ਸਿੰਘ ਗੁਰਾ ਸਿੰਘ, ਬਾਬੂ ਰਾਮ, ਬਖਸ਼ੀਸ਼ ਸਿੰਘ, ਛਿੰਦਰ ਸਿੰਘ, ਬਲਵਿੰਦਰ ਸਿੰਘ, ਬੱਬੂ ਸਿੰਘ ਮੀਤਾ ਸਿੰਘ, ਬਿੱਲਾ ਸਿੰਘ, ਬੂਟਾ (ਗੋਪੀ), ਸਰਿੰਦਰਪਾਲ ਸਿੰਘ, ਮਲਕੀਤ ਸਿੰਘ, ਬਲਵੀਰ ਸਿੰਘ, ਨਿਰਮਲ ਸਿੰਘ, ਸੁਖਦੇਵ ਸਿੰਘ, ਬਾਬਾ ਦੇਵ ਸਿੰਘ ਆਦਿ ਹਾਜ਼ਰ ਸਨ।

ਭ੍ਰਿਸ਼ਟਾਚਾਰ ਨੇ ਨਗਰ ਕੌਂਸਲ ਜੈਤੋ ਦਾ ਪਿੱਛਾ ਨਹੀਂ ਛੱਡਿਆ

ਜੈਤੋ (ਸਤੀਸ਼ ਕੁਮਾਰ ਭੀਰੀ)

ਪਿਛਲੇ ਕੁਝ ਸਮੇਂ ਤੋਂ ਨਗਰ ਕੌਂਸਲ ਜੈਤੋ ਨੇ ਭ੍ਰਿਸ਼ਟਾਚਾਰ ਨਾਲ ਮਿੱਤਰਤਾ ਅਤੇ ਰਿਸ਼ਤੇਦਾਰੀ ਨਿਭਾਉਣ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਨਗਰ ਕੌਂਸਲ ਵੱਲੋਂ ਹਜ਼ਾਰਾਂ ਦੇ ਕੰਮ ਕਈ ਹਜ਼ਾਰਾਂ ਵਿੱਚ ਅਤੇ ਲੱਖਾਂ ਰੁਪਏ ਦੇ ਕੰਮ ਕਈ ਲੱਖਾਂ 'ਚ ਕਰਵਾਉਣ ਦੇ ਠੇਕੇ ਦਿੱਤੇ ਗਏ, ਜਿਸ ਵਿੱਚ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਰੱਜਵਾਂ ਕਮਿਸ਼ਨ ਲੈਂਦੇ ਹੋਏ ਸ਼ਹਿਰ ਨੂੰ ਗੰਦਗੀ ਦੇ ਢੇਰ 'ਤੇ ਬੈਠਾਅ ਦਿੱਤਾ। ਨਗਰ ਕੌਂਸਲ 'ਚ ਪਸਰੇ ਇਸ ਭ੍ਰਿਸ਼ਟਾਚਾਰੀ ਵਾਤਾਵਰਨ ਨੂੰ ਚੁਣੇ ਹੋਏ ਨੁਮਾਇੰਦਿਆਂ ਦੀ ਚੁੱਪ ਆਕਸੀਜਨ ਪ੍ਰਦਾਨ ਕਰਨ 'ਚ ਸਹਾਈ ਹੋ ਰਹੀ ਹੈ। ਇਸ ਭ੍ਰਿਸ਼ਟਾਚਾਰੀ ਕਾਰਨਾਮਿਆਂ ਦੀ ਲੜੀ ਅਨੁਸਾਰ ਕੁਝ ਮਹੀਨੇ ਪਹਿਲਾਂ 12 ਲੱਖ ਰੁਪਏ ਦੇ ਕਰੀਬ ਲਾ ਕੇ ਕਮਿਸ਼ਨਖੋਰੀ ਦੀ ਭੇਟ ਚੜ੍ਹਿਆ ਨਹਿਰੂ ਪਾਰਕ 'ਚ ਚੌੜਾ ਕੀਤਾ ਰਸਤਾ ਆਪਣੀ ਹਾਲਤ 'ਤੇ ਹੰਝੂ ਵਹਾਅ ਰਿਹਾ ਹੈ। ਸ਼ਹਿਰ ਦਾ ਇੱਕੋ ਇੱਕ ਪਾਰਕ ਜਿੱਥੇ ਸਵੇਰੇ ਸ਼ਾਮ ਲੋਕਾਂ ਵੱਲੋਂ ਸੈਰ ਕੀਤੀ ਜਾਂਦੀ ਹੈ, ਉਹ ਨਰਕ ਦਾ ਰੂਪ ਧਾਰਨ ਕਰ ਚੁੱਕਾ ਹੈ। ਥਾਂ ਥਾਂ ਗੰਦਗੀ ਦੇ ਢੇਰ ਚੌੜੇ ਕੀਤੇ ਗਏ ਰਸਤੇ 'ਚ ਹਾਦਸਿਆਂ ਨੂੰ ਸੱਦਾ ਦਿੰਦੇ ਡੂੰਘੇ ਡੂੰਘੇ ਟੋਏ ਇਨ੍ਹਾਂ ਸਾਰੀਆਂ ਅਲਾਮਤਾਂ ਤੋਂ ਅੱਖਾਂ ਮੀਚੀ ਬੈਠੇ ਭ੍ਰਿਸ਼ਟ ਟੋਲੇ ਵੱਲੋਂ ਸ਼ਹਿਰ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਗਿਆ ਹੈ । ਪਾਰਕ ਵਿੱਚ ਭ੍ਰਿਸ਼ਟਾਚਾਰ ਸੰਬੰਧੀ ਪੱਖ ਲੈਣ ਲਈ ਨਗਰ ਕੌਂਸਲ ਦੇ ਪ੍ਰਧਾਨ ਸੁਰਜੀਤ ਸਿੰਘ ਬਾਬਾ ਨੂੰ ਫੋਨ ਕੀਤਾ ਤਾਂ ਉਨ੍ਹਾ ਕਿਹਾ ਕਿ ਸਾਡੇ ਕੋਲ ਸ਼ਿਕਾਇਤ ਆਉਣ 'ਤੇ ਠੇਕੇਦਾਰ ਦੀ ਸਕਿਉਰਿਟੀ ਮਨੀ ਜ਼ਬਤ ਕਰ ਲਈ ਜਾਵੇਗੀ। ਇਸ ਤੋਂ ਬਾਅਦ ਬਾਂਸਲ ਐਂਡ ਕੰਪਨੀ ਦੇ ਠੇਕੇਦਾਰ ਬਿਮਲ ਬਾਂਸਲ ਨੂੰ ਫੋਨ ਕਰਕੇ ਪਿਛਲੇ ਕਈ ਮਹੀਨਿਆਂ ਤੋਂ ਪਾਰਕ 'ਚ ਬਣੇ ਡੂੰਘੇ ਟੋਇਆਂ ਵਾਰੇ ਪੁੱਛਿਆ ਤਾਂ ਉਨ੍ਹਾ ਕਿਹਾ ਕਿ ਇਸ ਬਾਰੇ ਸਾਨੂੰ ਕਿਸੇ ਨੇ ਵੀ ਜਾਣੂ ਨਹੀਂ ਕਰਵਾਇਆ। ਹੁਣ ਤੁਸੀਂ ਫੋਨ ਕੀਤਾ ਹੈ ਤਾਂ ਅਸੀਂ ਬਣੇ ਡੂੰਘੇ ਟੋਏ ਇੱਕ ਦੋ ਦਿਨਾਂ 'ਚ ਬੰਦ ਕਰਵਾ ਦੇਵਾਂਗੇ। ਪਿਛਲੇ ਕਈ ਮਹੀਨਿਆਂ ਤੋਂ ਪਾਰਕ 'ਚ ਬਣੇ ਡੂੰਘੇ ਟੋਇਆਂ ਬਾਰੇ ਬਠਿੰਡਾ ਵਿਖੇ ਰਹਿੰਦੇ ਠੇਕੇਦਾਰ ਨੂੰ ਜਾਣਕਾਰੀ ਨਾ ਹੋਣਾ ਤਾਂ ਸਮਝ 'ਚ ਆਉਂਦਾ ਹੈ ਪ੍ਰੰਤੂ ਨਗਰ ਕੌਂਸਲ ਜੈਤੋ ਦੇ ਪ੍ਰਧਾਨ, ਨਗਰ ਕੌਂਸਲਰਾਂ ਅਤੇ ਕਰਮਚਾਰੀਆਂ ਵੱਲੋਂ ਵੀ ਐਡੀ ਵੱਡੀ ਸਮੱਸਿਆ ਤੋਂ ਅੱਖਾਂ ਮੀਚਣ ਤੇ ਕੁਝ ਕਹਿਣ ਨਾਲੋਂ ਚੁੱਪ ਹੀ ਚੰਗੀ ਹੈ।

ਦੋਦਾ ਦੀ ਅਨਾਜ ਮੰਡੀ 'ਚ ਖਰੀਦ ਸ਼ੁਰੂ, ਪਰ ਬਾਰਦਾਨਾ ਨਹੀਂ ਆਇਆ !

■ ਸਫਾਈ ਪੱਖੋਂ ਕਈ ਮੰਡੀਆਂ ਦਾ ਹਾਲ ਮਾੜਾ
■ ਜਲਦੀ ਪੂਰਨ ਪ੍ਰਬੰਧ ਕੀਤੇ ਜਾਣਗੇ : ਡੀ ਸੀ

ਦੋਦਾ (ਵਕੀਲ ਬਰਾੜ)-ਪੰਜਾਬ ਸਰਕਾਰ ਤੇ ਪ੍ਰਸ਼ਾਸਨ ਬੇਸ਼ੱਕ ਵੱਡੇ ਵੱਡੇ ਦਾਅਵੇ ਕਰ ਰਿਹਾ ਹੈ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ ਤੇ ਕਣਕ ਦੀ ਖ਼ੀਦ ਇੱਕ ਅਪ੍ਰੈਲ ਤੋਂ ਸ਼ੁਰੂ ਕੀਤੀ ਜਾ ਚੁੱਕੀ ਦੱਸੀ ਜਾ ਰਹੀ ਹੈ, ਪਰ ਦੋਦਾ ਦੀ ਅਨਾਜ ਮੰਡੀ ਵਿੱਚ ਕਰੀਬ 15 ਹਜ਼ਾਰ ਤੋਂ ਵੱਧ ਕਣਕ ਦੀ ਬੋਰੀ ਆ ਚੁੱਕੀ ਹੈ, ਜਿਸ ਦੀ ਅੱਜ ਰਸਮੀ ਖਰੀਦ ਪਨਸਪ ਰਾਹੀਂ ਜ਼ਿਲ੍ਹਾ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਮਨਜਿੰਦਰ ਸਿੰਘ ਕਾਕਾ ਉੜਾਂਗ ਤੇ ਪ੍ਰਧਾਨ ਨਰੇਸ਼ ਗੋਇਲ ਦੋਦਾ ਵੱਲੋਂ ਸ਼ੁਰੂ ਕੀਤੀ ਗਈ ਅਤੇ ਲੱਡੂ ਵੰਡੇ ਗਏ, ਪਰ ਹੈਰਾਨੀ ਦੀ ਹੱਦ ਉਸ ਵੇਲੇ ਪਾਰ ਹੋ ਗਈ ਜਦ ਸਰਕਾਰੀ ਦਾਅਵਿਆਂ ਦੀ ਫੂਕ ਨਿਕਲਦੀ ਦਾ ਪਤਾ ਲੱਗਾ ਕਿ ਮੰਡੀ ਵਿੱਚ ਅਜੇ ਤੱਕ ਬਾਰਦਾਨਾ ਪਹੁੰਚਿਆ ਹੀ ਨਹੀਂ ਹੈ। ਇਸ ਮੰਡੀ ਵਿੱਚ ਐੱਫ ਸੀ ਆਈ ਵੱਲੋਂ ਕਰੀਬ 3 ਲੱਖ ਬੋਰੀ ਤੇ ਪਨਸਪ ਵੱਲੋਂ 50 ਹਜ਼ਾਰ ਬੋਰੀ ਖਰੀਦ ਕੀਤੀ ਜਾਣੀ ਹੈ। ਆੜ੍ਹਤੀਆਂ ਵੱਲੋਂ ਸ਼ਿਕਵਾ ਜ਼ਾਹਰ ਕੀਤਾ ਗਿਆ ਕਿ ਐੱਫ ਸੀ ਆਈ ਸਾਨੂੰ ਪਿਛਲੇ ਕਰੀਬ ਛੇ ਸਾਲ ਤੋਂ 5 ਰੁਪਏ ਤੋਂ ਛੇ ਰੁਪਏ ਘੱਟ ਰੇਟ ਦੇ ਰਹੀ ਹੈ, ਜਿਸ ਦਾ ਸਾਨੂੰ ਆਰਥਿਕ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਪਿਛਲੇ ਬਕਾਏ ਦੀ ਮੰਗ ਵੀ ਕੀਤੀ ਹੈ ਤੇ ਇਸ ਵਾਰ ਐੱਫ ਸੀ ਆਈ ਨੂੰ ਪੂਰੇ ਰੇਟ 'ਤੇ ਕਣਕ ਦੇਣ ਦੀ ਗੱਲ ਕੀਤੀ। ਦੂਜੇ ਪਾਸੇ ਬਾਰਦਾਨੇ ਨਾ ਹੋਣ ਬਾਰੇ ਜਦ ਡੀ ਸੀ ਸ੍ਰੀ ਮੁਕਤਸਰ ਸਾਹਿਬ ਸ੍ਰੀ ਵਿਨੀਤ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਜਲਦੀ ਪੂਰਨ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸਮਾਂਘ, ਬੁੱਟਰ ਸ਼ਰੀਹ ਆਦਿ ਮੰਡੀਆਂ ਦਾ ਸਫਾਈ ਖ਼ੁਣੋਂ ਹਾਲ ਮਾੜਾ ਹੈ, ਹਾਜ਼ਰ ਮਜਦੂਰ ਗੁਰਬਿੰਦਰ ਸਿੰਘ, ਮਹਾਂਵੀਰ ਸਿੰਘ ਆਦਿ ਨੇ ਦੱਸਿਆ ਕਿ ਉਕਤ ਮੰਡੀਆਂ ਵਿੱਚ ਪਖਾਨੇ ਆਦਿ ਦਾ ਵੀ ਪ੍ਰਬੰਧ ਨਹੀਂ ਹੈ, ਖਾਸ ਕਰਕੇ ਮੰਡੀ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਹਾਮਣਾ ਕਰਨਾ ਪੈ ਰਿਹਾ ਹੈ। ਸਫਾਈ ਆਦਿ ਸਬੰਧੀ ਜਦ ਸਕੱਤਰ ਮਾਰਕੀਟ ਕਮੇਟੀ ਗਿੱਦੜਬਹਾ ਸ਼ਮਸ਼ੇਰ ਸਿੰਘ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਦਾ ਵੀ ਕਹਿਣਾ ਸੀ ਕਿ ਮੰਡੀਆਂ ਦੀ ਸਫਾਈ ਜਲਦੀ ਕਰਵਾਈ ਜਾਵੇਗੀ।

ਮੰਡੀ ਵਿਖੇ ਸਫਾਈ ਦੇ ਮਾੜੇ ਪ੍ਰਬੰਧ ਦੀ ਜਾਣਕਾਰੀ ਦਿੰਦੇ ਮਜ਼ਦੂਰ।

ਕਾਤਰਾਂ

ਵਿਜੈ ਕਥੂਰੀਆ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਮਲੋਟ (ਗੁਰਮੀਤ ਸਿੰਘ ਮੱਕੜ)-ਮਾਡਰਨ ਟੈਂਟ ਹਾਊਸ ਦੇ ਸੰਚਾਲਕ, ਟੈਂਟ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਿਸ਼ਭ ਕਥੂਰੀਆ ਦੇ ਚਾਚਾ ਤੇ ਅਵਨੀਤ ਕਥੂਰੀਆ ਦੇ ਪਿਤਾ ਵਿਜੈ ਕਥੂਰੀਆ ਸਵਰਗਵਾਸ ਹੋ ਗਏ। ਉਨ੍ਹਾਂ ਦੀ ਮੌਤ 'ਤੇ ਨਗਰ ਕੌਂਸਲ ਦੇ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ, ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ, ਰੈਡੀਮੇਡ ਯੂਨੀਅਨ ਦੇ ਪ੍ਰਧਾਨ ਪਾਲੀ ਮੱਕੜ, ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਰੋਹਿਤ ਕਾਲੜਾ, ਉੱਘੇ ਵਕੀਲ ਸੁਦਰਸ਼ਨ ਸੱਚਦੇਵਾ, ਸਮਾਜਸੇਵੀ ਵਰਿੰਦਰਪਾਲ ਸਿੰਘ ਬਜਾਜ, ਪ੍ਰੇਮ ਸੱਚਦੇਵਾ, ਵੀਰ ਅਰਜਨ ਛਾਬੜਾ, ਰਾਜ ਰੱਸੋਵੱਟ, ਪ੍ਰਦੀਪ ਰੱਸੋਵੱਟ, ਰਾਜੀਵ ਬਾਵਾ, ਸੰਦੀਪ ਮੰਗਲਾ, ਸੋਨੂੰ ਪਾਹਵਾ ਆਦਿ ਵੱਖ ਵੱਖ ਧਾਰਮਿਕ, ਸਮਾਜਸੇਵੀ ਤੇ ਵਪਾਰਕ ਜਥੇਬੰਦੀਆਂ ਨੇ ਕਥੂਰੀਆ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਠੇਕੇ ਦੇ ਵਿਰੋਧ 'ਚ ਧਰਨਾ ਦੇ ਰਹੇ ਪਿੰਡ ਵਾਸੀਆਂ 'ਤੇ ਮਾਮਲਾ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਜੱਲ੍ਹਾ ਵਿਖੇ ਸ਼ਰਾਬ ਦੇ ਠੇਕੇ ਦੇ ਵਿਰੋਧ 'ਚ ਸੜਕ ਜਾਮ ਕਰਨ ਵਾਲੇ ਕੁਝ ਵਿਅਕਤੀਆਂ ਵਿਰੁੱਧ ਪੁਲਸ ਵੱਲੋਂ ਮਾਮਲਾ ਦਰਜ ਕਰ ਲਏ ਜਾਣ ਦਾ ਸਮਾਚਾਰ ਹੈ। ਜ਼ਿਕਰਯੋਗ ਹੈ ਕਿ ਪਿੰਡ ਜੱਲ੍ਹਾ ਵਿਖੇ ਸੰਘਣੀ ਆਬਾਦੀ 'ਚ ਖੋਲ੍ਹੇ ਗਏ ਸ਼ਰਾਬ ਦੇ ਠੇਕੇ ਦੇ ਵਿਰੋਧ 'ਚ ਧਰਨਾ ਦਿੰਦਿਆਂ ਕੁਝ ਪਿੰਡ ਵਾਸੀਆਂ ਵੱਲੋਂ ਬੀਤੇ ਕੱਲ੍ਹ ਸਰਹਿੰਦ-ਭਾਦਸੋਂ ਸੜਕ 'ਤੇ ਕੁਝ ਚਿੰਰ ਲਈ ਆਵਾਜਾਈ ਠੱਪ ਕਰ ਦਿੱਤੀ ਗਈ ਸੀ, ਜਿਸ ਉਪਰੰਤ ਮੌਕੇ 'ਤੇ ਪਹੁੰਚੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਜਦੋਂ ਉਕਤ ਠੇਕਾ ਬੰਦ ਕਰਵਾ ਦਿੱਤਾ ਗਿਆ ਤਾਂ ਧਰਨਾਕਾਰੀਆਂ ਵੱਲੋਂ ਧਰਨਾ ਚੁੱਕ ਲਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਰਪੰਚ ਦਵਿੰਦਰ ਸਿੰਘ ਨੇ ਦੋਸ਼ ਲਗਾਏ ਸਨ ਕਿ 2019 'ਚ ਗ੍ਰਾਮ ਪੰਚਾਇਤ ਵੱਲੋਂ ਮਤਾ ਪਾਸ ਕੀਤਾ ਗਿਆ ਸੀ ਕਿ ਪਿੰਡ ਦੀ ਸੰਘਣੀ ਆਬਾਦੀ 'ਚ ਸ਼ਰਾਬ ਦਾ ਠੇਕਾ ਖੋਲ੍ਹਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਪਰ ਇਸ ਦੇ ਬਾਵਜੂਦ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਸੱਤਾਧਾਰੀ ਧਿਰ ਦੇ ਕੁਝ ਆਗੂਆਂ ਦੀ ਸ਼ਹਿ 'ਤੇ ਪਿੰਡ ਦੇ ਕੁਝ ਸ਼ਰਾਰਤੀ ਅਨਸਰਾਂ ਨਾਲ ਰਲ ਕੇ ਪਿੰਡ ਦੇ ਅੰਦਰ ਠੇਕਾ ਖੋਲ੍ਹ ਲਿਆ ਗਿਆ। ਸੜਕ ਜਾਮ ਕਰਕੇ ਆਵਾਜਾਈ 'ਚ ਵਿਘਨ ਪਾਉਣ ਦੇ ਦੋਸ਼ 'ਚ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਸਰਪੰਚ ਦਵਿੰਦਰ ਸਿੰਘ, ਪਰਮਿੰਦਰ ਸਿੰਘ ਉਰਫ ਨੋਨੀ, ਹਰਮਨਦੀਪ ਸਿੰਘ, ਸਤਨਾਮ ਸਿੰਘ, ਅਮਿਤ ਸ਼ਰਮਾ, ਪਰਮਜੀਤ ਸਿੰਘ ਤੇ ਅਮਰਿੰਦਰ ਸਿੰਘ ਵਾਸੀਆਨ ਪਿੰਡ ਜੱਲ੍ਹਾ ਸਮੇਤ 15/20 ਅਣਪਛਾਤੇ ਵਿਅਕਤੀਆਂ ਵਿਰੁੱਧ ਅ/ਧ 283 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

ਕੁੱਟਮਾਰ ਦੇ ਦੋਸ਼ 'ਚ 5 ਖਿਲਾਫ ਮਾਮਲਾ ਦਰਜ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਦਰ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ ਹੇਠ 5 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਹਰਵਿੰਦਰਪਾਲ ਸਿੰਘ ਵਾਸੀ ਭੁਲੇਰੀਆ ਨੇ ਦੱਸਿਆ ਕਿ ਉਸ ਨੇ ਆਪਣੇ ਪਿੰਡ ਦੇ ਹਰਜੀਤ ਸਿੰਘ ਦੇ ਕਰੀਬ 11 ਕਿੱਲੇ ਜ਼ਮੀਨ ਠੇਕੇ 'ਤੇ ਲਈ ਹੈ, ਜਿਸ ਵਿੱਚ ਉਸ ਨੇ ਕਣਕ ਤੇ ਜੌਂ ਦੀ ਫਸਲ ਬੀਜੀ ਸੀ, ਜਿਸ ਦੀ ਕਟਾਈ ਕਰਨੀ ਸੀ ਤੇ ਉਹ ਖੇਤ ਕੰਬਾਇਨ ਟਪਾਉਣ ਲਈ ਲਾਂਘਾ ਦੇਖਣ ਲਈ ਗਿਆ ਸੀ ਅਤੇ ਉਸ ਨੇ ਕੰਬਾਇਨ ਦੇ ਮਾਲਕ ਗੁਰਵਿੰਦਰ ਸਿੰਘ, ਜਿਸ ਕੋਲੋਂ ਕਣਕ ਦੀ ਕਟਾਈ ਕਰਵਾਉਣੀ ਸੀ, ਨੂੰ ਵੀ ਲਾਂਘਾ ਦੇਖਣ ਲਈ ਖੇਤ ਸੱਦਿਆ ਸੀ ਤਾਂ ਉਹ ਅਜੇ ਖੇਤ ਵਿੱਚ ਫ਼ਸਲ ਦੇਖ ਰਿਹਾ ਸੀ ਕਿ ਇੱਕਦਮ ਨੇੜੇ ਪਹੀ 'ਤੇ ਮੇਜਰ ਸਿੰਘ, ਪੰਜਾਬ ਸਿੰਘ, ਕਮਲ, ਗੁਰਮੀਤ ਸਿੰਘ, ਬੂਟਾ ਸਿੰਘ ਵਾਸੀ ਭੁਲੇਰੀਆ ਆਪੋ ਆਪਣੇ ਵਹੀਕਲਾਂ 'ਤੇ ਸਵਾਰ ਹੋ ਕੇ ਆਏ, ਜਿਨ੍ਹਾਂ ਨੇ ਆਪਣੇ ਹੱਥੀਂ ਗੰਡਾਸਾ, ਦਾਤਰ ਤੇ ਡਾਂਗਾਂ ਵਗੈਰਾ ਫੜੀਆਂ ਸਨ, ਨੇ ਉਸ ਦੀ ਕੁੱਟਮਾਰ ਕੀਤੀ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਖੇਡ ਵਿਭਾਗ ਵੱਲੋਂ ਟਰਾਇਲ 18 ਤੇ 19 ਨੂੰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਜ਼ਿਲ੍ਹਾ ਖੇਡ ਅਫਸਰ ਅਨਿੰਦਰਵੀਰ ਕੌਰ ਨੇ ਦੱਸਿਆ ਕਿ ਖੇਡ ਵਿਭਾਗ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਪੀ.ਆਈ.ਐੱਸ. ਅਕੈਡਮੀਆਂ ਵਿੱਚ ਸਾਲ 2023-24 ਦੇ ਸੈਸ਼ਨ ਲਈ ਖਿਡਾਰੀਆਂ ਨੂੰ ਦਾਖਲ ਕਰਨ ਵਾਸਤੇ 18 ਤੇ 19 ਅਪ੍ਰੈਲ ਨੂੰ ਟਰਾਇਲ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਬਾਕਸਿੰਗ ਲਈ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ, ਜਿਮਨਾਸਟਿਕਸ ਲਈ ਡੇਰਾ ਭਾਈ ਮਸਤਾਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ, ਸ਼ੂਟਿੰਗ ਲਈ ਸ਼ੂਟਿੰਗ ਅਕੈਡਮੀ ਪਿੰਡ ਬਾਦਲ ਤੇ ਰੋਇੰਗ ਲਈ ਪਿੰਡ ਸੋਥਾ ਨਹਿਰ ਵਿਖੇ ਟਰਾਇਲ ਲਏ ਜਾਣਗੇ। ਉਨ੍ਹਾਂ ਸਬੰ

17-April-PAGE-8.qxd 4/16/2023 9:15 PM Page 1

ਐੱਲ ਪੀ ਯੂ ਕੈਂਪਸ ਵਿਖੇ ਦੋ-ਰੋਜ਼ਾ ਮੀਡੀਆ ਫੈਸਟ ਐਕਸਪ੍ਰੈਸ

ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸਕੂਲ ਆਫ ਜਰਨਲਿਜ਼ਮ, ਫਿਲਮ ਐਂਡ ਕ੍ਰਿਏਟਿਵ ਆਰਟਸ ਨੇ ਅੱਠ ਮੁਕਾਬਲਿਆਂ ਅਤੇ ਨੌਂ ਕੁਲੀਨ ਮਹਿਮਾਨਾਂ ਦੇ ਨਾਲ ਦੋ-ਰੋਜ਼ਾ ਮੀਡੀਆ-ਫੈਸਟ ਐਕਸਪ੍ਰੈਸ-2023 ਦਾ ਆਯੋਜਨ ਕੀਤਾ। ਦੇਸ਼ ਭਰ ਦੀਆਂ 14 ਯੂਨੀਵਰਸਿਟੀਆਂ ਦੇ ਸੈਂਕੜੇ ਵਿਦਿਆਰਥੀਆਂ ਨੇ ਵੀ ਫੈਸਟ ਵਿੱਚ ਹਿੱਸਾ ਲਿਆ । ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਏਡੀਜੀਪੀ (ਪੀਬੀ) ਆਈਪੀਐਸ ਐਮ ਐਫ ਫਾਰੂਕੀ ਨੇ ਕੀਤੀ । ਜਿਸ ਨੇ ਐਲਪੀਯੂ ਦੇ ਵਿਦਿਆਰਥੀਆਂ ਦੇ ਮਹਿਜ਼ ਕਿਤਾਬੀ ਗਿਆਨ ਵਿੱਚ ਵਧੇਰੇ ਮਨੁੱਖੀ ਸਮਝ ਜੋੜਨ ਲਈ ਸ਼ਲਾਘਾ ਕੀਤੀ । ਉਨ੍ਹਾਂ ਇਹ ਵੀ ਦੱਸਿਆ ਕਿ ਕਲਾਵਾਂ ਤੋਂ ਬਿਨਾਂ ਕੋਈ ਵੀ ਗਿਆਨ ਸੰਪੂਰਨ ਨਹੀਂ ਹੁੰਦਾ। ਸਮਾਪਤੀ ਸਮਾਰੋਹ ਚ ਮੁਸ਼ਾਇਰਾ (ਕਵੀ ਮਿਲਣੀ) ਚਲ ਰਿਹਾ ਸੀ ।

ਜਿੱਥੇ ਉਰਦੂ ਭਾਸ਼ਾ ਦੇ ਰਾਸ਼ਟਰੀ ਕਵੀਆਂ ਨੇ ਮਨੁੱਖੀ ਕਦਰਾਂ-ਕੀਮਤਾਂ ਨਾਲ ਭਰਪੂਰ ਲਾਈਨਾਂ ਪੇਸ਼ ਕੀਤੀਆਂ । ਜਿਨ੍ਹਾਂ ਨੂੰ ਪ੍ਰੋਫੈਸ਼ਨਲ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਦੁਆਰਾ ਚੰਗੀ ਤਰ੍ਹਾਂ ਗ੍ਰਹਿਣ ਕੀਤਾ ਗਿਆ ਅਤੇ ਸ਼ਲਾਘਾ ਕੀਤੀ ਗਈ । ਭਾਗ ਲੈਣ ਵਾਲੇ ਸ਼ਾਇਰ (ਸ਼ਾਇਰ) ਫਰਹਤ ਅਹਿਸਾਸ, ਖੁਸ਼ਬੀਰ ਸ਼ਾਦ, ਨੁਸਰਤ ਮਹਿਦੀ, ਮਨੀਸ਼ ਸ਼ੁਕਲਾ, ਮੁਕੇਸ਼ ਆਲਮ ਅਤੇ ਰਣਜੀਤ ਚੌਹਾਨ ਸਨ ।ਉਦਘਾਟਨੀ ਦਿਨ ਮੋਬਾਈਲ ਛੋਟੀਆਂ ਫਿਲਮਾਂ; ਕਵਿਤਾ ਲਿਖਣਾ ਅਤੇ ਪਾਠ ਕਰਨਾ; ਗੀਲਾਂ; ਆਰਜੇ ਤੇ ਐਂਕਰ ਹੰਟ; ਐਡ-ਮੈਡ ਸ਼ੋਅ, ਫਿਲਮਾਂ ਦੀ ਸਕ੍ਰੀਨਿੰਗ ਅਤੇ ਨੁੱਕੜ-ਨਾਟਕ (ਨੁੱਕੜ-ਨਾਟਕ) ਦੇ ਨਾਲ ਮੀਡੀਆ ਕਵਿਜ਼, ਫੋਟੋਗ੍ਰਾਫੀ ਆਦਿ ਦੇ ਅੱਠ ਮੁਕਾਬਲੇ ਕਰਵਾਏ ਗਏ। ਭਾਗ ਲੈਣ ਵਾਲੇ ਸੈਂਕੜੇ ਵਿਦਿਆਰਥੀਆਂ ਨੇ ਉਤਸ਼ਾਹਜਨਕ ਮਾਹੌਲ ਵਿੱਚ ਆਪਣੀ ਅੰਦਰੂਨੀ ਤਾਕਤ ਦਾ ਪ੍ਰਗਟਾਵਾ ਕੀਤਾ । ਇਸ ਤੋਂ ਪਹਿਲਾਂ ਨਿਊਜ਼ ਟੀਵੀ ਦੇ ਮੁੱਖ ਸੰਪਾਦਕ ਵਿਜੇ ਤ੍ਰਿਵੇਦੀ, ਪੱਤਰਕਾਰ ਅਤੁਲ ਚੌਰਸੀਆ ਅਤੇ ਦਸਤਾਵੇਜ਼ੀ ਫਿਲਮ ਨਿਰਮਾਤਾ ਅਨਵਰ ਜਮਾਲ ਸਮੇਤ ਪ੍ਰਮੁੱਖ ਮੀਡੀਆ ਹਸਤੀਆਂ ਨੇ ਵੀ ਭਾਗ ਲੈਣ ਵਾਲੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਸਾਰਿਆਂ ਨੇ ਵਿਦਿਆਰਥੀਆਂ ਨਾਲ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ ਤਾਂ ਜੋ ਉਹ ਭਰੋਸੇ ਅਤੇ ਪ੍ਰਮੁੱਖਤਾ ਨਾਲ ਵਿਭਿੰਨ ਮੀਡੀਆ ਖੇਤਰਾਂ ਵਿੱਚ ਉੱਤਮ ਹੋ ਸਕਣ। ਉਹਨਾਂ ਨੇ ਸੰਵੇਦਨਸ਼ੀਲ ਮੀਡੀਆ ਡੋਮੇਨਾਂ ਨਾਲ ਕੰਮ ਕਰਦੇ ਹੋਏ । ਵਿਦਿਆਰਥੀਆਂ ਨਾਲ ਵੱਖ-ਵੱਖ ਕਰਨ ਅਤੇ ਨਾ ਕਰਨ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਸਬੰਧਤ ਖੇਤਰ ਵਿੱਚ ਆਪਣੇ ਜੀਵਨ ਦੇ ਕੁਝ ਉਤਸ਼ਾਹਜਨਕ ਕਿੱਸੇ ਵੀ ਸਾਂਝੇ ਕੀਤੇ। ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦਿੱਗਜਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ, ਜਿਨ੍ਹਾਂ ਨੇ ਉਨ੍ਹਾਂ ਦੇ ਸਾਹਮਣੇ ਰੱਖੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ।।

ਅੱਠ ਮੁਕਾਬਲਿਆਂ ਵਿੱਚੋਂ, ਹੋਸਟ ਐਲਪੀਯੂ ਨੂੰ ਮੀਡੀਆ ਕੁਇਜ਼, ਕਵਿਤਾ, ਐਡ ਮੈਡ ਸ਼ੋਅ, ਫੋਟੋਗ੍ਰਾਫੀ ਅਤੇ ਨੁੱਕੜ ਨਾਟਕ ਸਮੇਤ ਪੰਜ ਵਿੱਚ ਜੇਤੂ ਐਲਾਨਿਆ ਗਿਆ।

ਐਮਿਟੀ ਯੂਨੀਵਰਸਿਟੀ ਅਤੇ ਇੰਟਰਨੈਸ਼ਨਲ ਯੂਨੀਵਰਸਿਟੀ ਨੋਇਡਾ ਨੂੰ ਫੋਟੋਗ੍ਰਾਫੀ ਅਤੇ ਮੋਬਾਈਲ ਫਿਲਮ ਮੇਕਿੰਗ ਵਿੱਚ ਦੂਜਾ ਰਨਰ ਅੱਪ ਐਲਾਨਿਆ ਗਿਆ। ਸੀਯੂ ਮੋਹਾਲੀ ਨੇ ਮੋਬਾਈਲ ਫਿਲਮ ਮੇਕਿੰਗ, ਐਂਕਰ ਅਤੇ ਆਰਜੇ ਹੰਟ ਮੁਕਾਬਲੇ ਜਿੱਤੇ।

ਬੁਲੰਦ ਪ੍ਰੈੱਸ ਕਲੱਬ ਨੇ 5 ਵਾਂ ਖ਼ੂਨਦਾਨ ਕੈਂਪ ਲਗਾਇਆ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)-ਖਾਲਸਾ ਪੰਥ ਦੀ ਸਾਜਨਾ ਦਿਵਸ ਮੌਕੇ ਸਿੱਖ ਕੌਮ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਖੇ ਬੁਲੰਦ ਪ੍ਰੈਸ ਕਲੱਬ ਰਜਿ :3072 ਸ੍ਰੀ ਚਮਕੌਰ ਸਾਹਿਬ ਵੱਲੋਂ 5ਵਾਂ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਉਦਘਾਟਨ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ ਵੱਲੋਂ ਕੀਤਾ ਗਿਆ। ਡਾਕਟਰ ਸੁਰਜੀਤ ਸਿੰਘ ਦੀ ਅਗਵਾਈ ਹੇਠ ਚਲਾਏ ਜਾ ਰਹੇ ਅਲਫਾ ਬਲੱਡ ਬੈਂਕ ਰੂਪਨਗਰ ਦੀ ਟੀਮ ਨੇ ਸ਼ੂਗਰ, ਬੀ ਪੀ ਅਤੇ ਐਚ ਪੀ ਦੇ ਸਾਰੇ ਟੈਸਟ ਫ੍ਰੀ ਕੀਤੇ। ਗੁਰਪ੍ਰੀਤ ਸਿੰਘ ਸਿੱਖੀ ਬਚਾਓ ਪਿਆਰਓ ਚੈਰੀਟੇਬਲ ਟਰੱਸਟ ਵੱਲੋਂ ਖੂਨਦਾਨੀਆਂ ਨੂੰ ਤੋਹਫੇ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ। ਪ੍ਰਿੰਸੀਪਲ ਮੈਡਮ ਰਾਜਿੰਦਰ ਕੌਰ ਸਾਰਗ ਸਮਾਟ ਸਕੂਲ ਬੈਂਕ ਰੋਡ ਸ੍ਰੀ ਚਮਕੌਰ ਸਾਹਿਬ ਵੱਲੋਂ ਖੂਨਦਾਨੀਆਂ ਲਈ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ । ਕੈਂਪ ਵਿੱਚ 54 ਯੂਨਿਟਾਂ ਇਕੱਤਰ ਕੀਤੀਆਂ ਗਈਆਂ। ਇਸ ਮੌਕੇ ਉੱਘੇ ਸਮਾਜ ਸੇਵੀ ਡਾ.ਰਾਜਪਾਲ ਸਿੰਘ ਚੌਧਰੀ, ਜਥੇਦਾਰ ਗੁਰਦੀਪ ਸਿੰਘ ਮਕੜੌਨਾ ਸੀਨੀਅਰ ਅਕਾਲੀ ਆਗੂ, ਭਾਈ ਨਰਿੰਦਰ ਸਿੰਘ ਸੋਲਖੀਆਂ, ਰਵਿੰਦਰ ਸਿੰਘ ਅਕਾਊਂਟੈਂਟ, ਬਾਬਾ ਜੋਗਿੰਦਰ ਸਿੰਘ ਸ੍ਰੀ ਚਮਕੌਰ ਸਾਹਿਬ ਵਾਲੇ, ਸੰਤ ਬਾਬਾ ਧਰਮ ਸਿੰਘ ਖਾਲਸਾ, ਦਰਸ਼ਨ ਸਿੰਘ ਸ਼ਿਵਜੋਤ ਹਲਕਾ ਇੰਚਾਰਜ ਭਾਰਤੀ ਜਨਤਾ ਪਾਰਟੀ ਸ੍ਰੀ ਚਮਕੌਰ ਸਾਹਿਬ ਅਤੇ ਪ੍ਰਧਾਨ ਐਸ.ਸੀ.ਮੋਰਚਾ ਜ਼ਿਲ੍ਹਾ ਰੂਪਨਗਰ, ਸੰਗਤ ਸਿੰਘ ਭਾਮੀਆਂ ਉਘੇ ਸਮਾਜ ਸੇਵੀ ਮੋਰਿੰਡਾ, ਹਰਨੇਕ ਸਿੰਘ ਵਾਈਸ ਪ੍ਰਧਾਨ ਜ਼ਿਲ੍ਹਾ ਰੂਪਨਗਰ ਬੀਜੇਪੀ, ਜਗਦੀਪ ਸਿੰਘ ਦੀਪਾ ਸਰਕਲ ਪ੍ਰਧਾਨ ਸ੍ਰੀ ਚਮਕੌਰ ਸਾਹਿਬ, ਜਸਵਿੰਦਰ ਸਿੰਘ ਤੋਤਾ ਵਾਈਸ ਸਰਕਲ ਪ੍ਰਧਾਨ ਸ੍ਰੀ ਚਮਕੌਰ ਸਾਹਿਬ , ਬੀਬੀ ਸ਼ਰਨ ਕੌਰ ਖਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਦੇ ਪ੍ਰੋਫੈਸਰ ਜਗਰੂਪ ਸਿੰਘ,ਪ੍ਰੋਫੈਸਰ ਪਰਵਿੰਦਰ ਸਿੰਘ, ਪ੍ਰੋਫੈਸਰ ਪਰਦੀਪ ਸਿੰਘ, ਗੁਰਚਰਨ ਸਿੰਘ,ਕੌਂਸਲਰ ਕ੍ਰਿਪਾਲ ਸਿੰਘ ਗਿੱਲ,ਕੌਂਸਲਰ ਭੁਪਿੰਦਰ ਸਿੰਘ ਭੂਰਾ,ਅਮਨਦੀਪ ਕੌਰ ਨਾਗਰਾ ਇਸਤਰੀ ਵਿੰਗ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ,ਗੁਰਵਿੰਦਰ ਸਿੰਘ ਗੁਰੀ,ਮਨਪ੍ਰੀਤ ਸਿੰਘ ਸੋਹੀ, ਪੰਜਾਬ ਇੰਟਰਨੈਸਨਲ ਪਬਲਿਕ ਸਕੂਲ ਪਿੱਪਲ ਮਾਜਰਾ ਦੇ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਸ਼ਿੰਦਰਪਾਲ ਕੌਰ ਅਟਵਾਲ, ਪ੍ਰਬੰਧਕ ਸਰਜੀਤ ਸਿੰਘ , ਸੰਤ ਬਾਬਾ ਪਿਆਰਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਜੁਝਾਰ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮਨਜਿੰਦਰ ਸਿੰਘ, ਗ੍ਰੀਨਵੇਜ ਸਕੂਲ ਰੁੱੜਕੀ ਹੀਰਾ ਦੇ ਪ੍ਰਿੰਸੀਪਲ ਮੁਕੇਸ਼ ਕੁਮਾਰ, ਖੁਸ਼ੀ ਰਾਮ ਬਰਾਂਚ ਮੈਨੇਜਰ ਮਾਰਕਫੈੱਡ, ਵਰਿੰਦਰ ਸਿੰਘ ਮਾਰਕਫੈੱਡ, ਸਰਬਜੀਤ ਸਿੰਘ, ਦਲਵੀਰ ਸਿੰਘ ਤਾਲਾਪੁਰ , ਲਖਵੀਰ ਸਿੰਘ ਲੱਖੀ ਹਾਫਿਜਾਬਾਦ ਆਦਿ ਨੇ ਸ਼ਮੂਲੀਅਤ ਕੀਤੀ।

ਡਾ. ਅੰਬੇਡਕਰ ਜੈਅੰਤੀ ਸੰਬੰਧੀ ਚੇਤਨਾ ਮਾਰਚ ਕੱਢਿਆ

ਅਲਾਵਲਪੁਰ, (ਮਦਨ ਬੰਗੜ)- ਭਾਰਤ ਰਤਨ ਸੰਵਿਧਾਨ ਨਿਰਮਾਤਾ ਦਲਿਤ ਸਮਾਜ ਦੇ ਮਸੀਹਾ ਡਾਕਟਰ ਭੀਮ ਰਾਓ ਅੰਬੇਦਕਰ ਦੇ132ਵੇਂ ਜਨਮ ਦਿਵਸ ਸਬੰਧੀ ਕਸਬਾ ਅਲਾਵਲਪੁਰ ਵਿਖੇ ਚੇਤਨਾ ਮਾਰਚ ਨਜਦੀਕ ਬੱਸ ਸਟੈਂਡ ਪਹਾੜੀਆਂ ਮਹੱਲਾ ਅਲਾਵਲਪੁਰ ਤੋਂ ਸ਼ੁਰੂ ਹੋਇਆ ਜੋ ਵੱਖ ਵੱਖ ਮੁਹੱਲਿਆਂ ਅਤੇ ਮੇਨ ਬਜਾਰ ਵਿੱਚ ਦੀ ਹੁੰਦਾ ਹੋਇਆ ਬੱਸ ਸਟੈਂਡ ਵਿਖੇ ਸੰਪੰਨ ਹੋਇਆ। ਮਾਰਚ ਵਿਚ ਇਲਾਕੇ ਭਰ ਤੋਂ ਔਰਤਾਂ ਬੱਚੇ ਅਤੇ ਵੱਖ-ਵੱਖ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਵੱਖ ਵੱਖ ਬੁਲਾਰਿਆਂ ਨੇ ਡਾ.ਬੀ ਆਰ ਅੰਬੇਦਕਰ ਜੀ ਦੇ ਜੀਵਨ ਸੰਘਰਸ਼ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਡਾ: ਅੰਬੇਡਕਰ ਨੇ ਸਮਾਜ ਦੇ ਦੱਬੇ-ਕੁਚਲੇ ਵਰਗ ਨੂੰ ਤਰੱਕੀ ਦੇ ਰਾਹ 'ਤੇ ਤੋਰਿਆ। ਮਾਰਚ ਵਿਚ ਰਾਜ ਜਨਾਗਲ, ਅੰਮ੍ਰਿਤਪਾਲ, ਸੰਦੀਪ ਕੁਮਾਰ ,ਮਨਮੋਹਨ , ਸਰਜੀਤ ਕੁਮਾਰ ,ਰਾਜ ਕੁਮਾਰ, ਮਨਜੋਤ ਹੀਰ ,ਰਾਮਗੋਪਾਲ ,ਬਲਵਿੰਦਰ ਹੀਰਾ, ਮਕੱਦਰ ਲਾਲ ,ਰਚਨਾ ,ਸੋਮ ਪ੍ਰਕਾਸ਼ ,ਤਾਰਾ ਚੰਦ ,ਦੇਸ ਰਾਜ ,ਬ੍ਰਿਜ ਭੂਸਨ ,ਰਾਜੇਸ਼ ਥਾਪਰ ,ਕੁਲਦੀਪ , ਤਾਰਾ ਚੰਦ ,ਚਮਨ ਲਾਲ , ਤਰਲੋਚਨ ਵਿਰਦੀ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿਚ ਇਲਾਕਾ ਵਾਸੀ ਹਾਜਰ ਸਨ ।

ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਵੱਲੋਂ ਡਾ. ਅੰਬੇਡਕਰ ਦੇ ਜਨਮ ਦਿਨ ਮੌਕੇ 'ਤੇ ਮੈਗਜ਼ੀਨ ਰਿਲੀਜ਼

ਨਵਾਂਸ਼ਹਿਰ (ਮਨੋਜ ਲਾਡੀ)-ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਸੂਬਾਈ ਅਹੁਦੇਦਾਰਾਂ ਦੀ ਮੀਟਿੰਗ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਯੂਨੀਅਨ ਦੇ ਵਿੱਛੜ ਚੁੱਕੇ ਕੇਂਦਰੀ ਆਗੂ ਕਾਮਰੇਡ ਸੁਨੀਤ ਚੋਪੜਾ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਵਿੱਚ ਸੰਵਿਧਾਨ ਨਿਰਮਾਤਾ ਡਾ ਭੀਮ ਰਾਓ ਅੰਬੇਡਕਰ ਜੀ ਦੇ 132 ਵੇਂ ਜਨਮ ਦਿਨ ਮੌਕੇ 'ਤੇ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਵੱਲੋਂ ਮੈਗਜੀਨ ਕੰਮੀਆਂ ਦੀ ਲਹਿਰ ਰਿਲੀਜ ਕੀਤਾ ਗਿਆ ਅਤੇ ਲੱਗੇ ਕੋਟੇ ਮੁਤਾਬਕ ਹਰ ਇਕ ਜ਼ਿਲ੍ਹੇ ਨੂੰ ਵੰਡਿਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਯੂਨੀਅਨ ਦੀ ਮੈਂਬਰਸ਼ਿਪ ਮੁਹਿੰਮ ਨੂੰ ਤੇਜ ਕੀਤਾ ਜਾਵੇਗਾ । ਕੁਲ ਹਿੰਦ ਕਿਸਾਨ ਸਭਾ ਅਤੇ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦਾ ਸਾਂਝਾ ਦਫਤਰ ਦਿੱਲੀ ਵਿਚ ਬਣਨ ਜਾ ਰਿਹਾ ਹੈ ਜਿਹੜਾ ਕਿ 20 ਕਰੋੜ ਦੀ ਲਾਗਤ ਨਾਲ ਬਣ ਕੇ ਤਿਆਰ ਹੋਵੇਗਾ। ਇਸ ਕਾਰਜ ਵਾਸਤੇ ਮਈ ਮਹੀਨੇ ਤੋਂ ਫੰਡ ਇਕੱਠਾ ਕੀਤਾ ਜਾਵੇਗਾ ਤਾਂ ਜੋ ਪੰਜਾਬ ਵਲੋਂ ਵੀ ਬਣਦੀ ਰਾਸ਼ੀ ਦਿੱਤੀ ਜਾਵੇ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਖੇਤ ਮਜਦੂਰ ਜਲੰਧਰ ਜ਼ਿਮਨੀ ਚੋਣ ਵਿੱਚ ਧਰਮਨਿਰਪੱਖ ਤੇ ਜਮਹੂਰੀਅਤ ਪਸੰਦ ਉਮੀਦਵਾਰ ਨੂੰ ਹੀ ਆਪਣਾ ਵੋਟ ਦੇਣਗੇ। ਇਸ ਮੌਕੇ ਤੇ ਸਾਥੀ ਬਲਵੀਰ ਸਿੰਘ ਸੁਹਾਵੀ, ਮਾ. ਮੂਲ ਚੰਦ ਸਰਹਾਲੀ, ਮਾ. ਪਰਸ਼ੋਤਮ ਲਾਲ ਬਿਲਗਾ, ਮਾ. ਮਹਿੰਦਰ ਪਾਲ, ਜਸਵੀਰ ਸਿੰਘ ਝਬਾਲ, ਕੁਲਦੀਪ ਝਿੰਗੜ, ਹਰਪਾਲ ਸਿੰਘ ਭੈਣੀ ਤਰੇੜਾਂ, ਅਮੀਂ ਲਾਲ ਬਠਿੰਡਾ ਤੇ ਪਰਸ਼ੋਤਮ ਪਠਾਨਕੋਟ ਹਾਜਰ ਸਨ।

ਡਾ. ਅੰਬੇਡਕਰ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਅੱਗੇ ਵਧੇ ਨੌਜਵਾਨ ਪੀੜ੍ਹੀ : ਧਾਲੀਵਾਲ

ਫਗਵਾੜਾ (ਡਾ. ਰਮਨ) ਕਾਂਗਰਸ ਪਾਰਟੀ ਦੀ ਤਰਫੋਂ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਡਾ: ਬੀ.ਆਰ. ਅੰਬੇਡਕਰ ਦੇ 132ਵੇਂ ਜਨਮ ਦਿਵਸ ਮੌਕੇ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਡਾ: ਅੰਬੇਡਕਰ ਦੇ ਬੁੱਤ 'ਤੇ ਫੁੱਲਮਾਲਾਵਾਂ ਭੇਂਟ ਕਰਕੇ ਨਿੱਘੀ ਸ਼ਰਧਾਂਜਲੀ ਦਿੱਤੀ ਗਈ।

ਇਸ ਦੌਰਾਨ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਡਾ: ਅੰਬੇਡਕਰ ਬਹੁਤ ਹੀ ਪੜ੍ਹੇ-ਲਿਖੇ ਤੇ ਸੂਝਵਾਨ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਭਾਰਤ ਨੂੰ ਦੁਨੀਆ ਦਾ ਸਭ ਤੋਂ ਵਧੀਆ ਸੰਵਿਧਾਨ ਦਿੱਤਾ। ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਜਿਨ੍ਹਾਂ ਸੰਘਰਸ਼ਾਂ ਅਤੇ ਮਾੜੇ ਹਾਲਾਤਾਂ ਵਿੱਚੋਂ ਗੁਜ਼ਰਨਾ ਪਿਆ ਉਹ ਨੌਜਵਾਨ ਪੀੜ੍ਹੀ ਲਈ ਬਹੁਤ ਪ੍ਰੇਰਨਾਦਾਇਕ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਨਸ਼ਿਆਂ ਨੂੰ ਪੂਰੀ ਤਰ੍ਹਾਂ ਤਿਆਗ ਕੇ ਡਾ: ਅੰਬੇਡਕਰ ਤੋਂ ਪ੍ਰੇਰਨਾ ਲੈਂਦੇ ਹੋਏ ਜ਼ਿੰਦਗੀ ਵਿਚ ਅੱਗੇ ਵਧਣ ਦੀ ਕੋਸ਼ਿਸ਼ ਕਰਨ। ਇਸ ਮੌਕੇ ਸਾਬਕਾ ਕੌਂਸਲਰ ਸੰਜੀਵ ਬੁੱਗਾ, ਸਾਬਕਾ ਮਾਰਕੀਟ ਕਮੇਟੀ ਚੇਅਰਮੈਨ ਨਰੇਸ਼ ਭਾਰਦਵਾਜ, ਬਲਾਕ ਸੰਮਿਤੀ ਫਗਵਾੜਾ ਦੇ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਬਲਾਕ ਫਗਵਾੜਾ ਦਿਹਾਤੀ ਕਾਂਗਰਸ ਪ੍ਰਧਾਨ ਜਸਵੰਤ ਸਿੰਘ ਨੀਟਾ ਜਗਪਾਲਪੁਰ, ਤੁਲਸੀ ਰਾਮ ਖੋਸਲਾ ਤੋਂ ਇਲਾਵਾ ਮਹਿਲਾ ਆਗੂ ਮੀਨਾਕਸ਼ੀ ਵਰਮਾ, ਸ਼ਵਿੰਦਰ ਨਿਸ਼ਚਲ, ਸਾਬਕਾ ਕੌਂਸਲਰ ਸੀਤਾ ਦੇਵੀ, ਅਮਰਜੀਤ ਨਿੱਝਰ, ਐਡਵੋਕੇਟ ਜਰਨੈਲ ਸਿੰਘ, ਰੂਪ ਲਾਲ ਢੱਕ ਪੰਡੋਰੀ, ਰੂਪ ਲਾਲ ਢੱਡੇ, ਡਾ: ਚਰਨਜੀਤ ਦਰਵੇਸ਼ ਪਿੰਡ, ਭੁਪਿੰਦਰ ਬਾਜਵਾ, ਭਿੰਦਾ ਮੰਡ ਅਤੇ ਧੀਰਜ ਘਈ ਆਦਿ ਹਾਜ਼ਰ ਸਨ।

ਕੱਚੇ ਅਧਿਆਪਕਾਂ ਨਾਲ ਕੀਤਾ ਵਾਅਦਾ ਪੂਰਾ ਕਰੇ ਸਰਕਾਰ : ਨਵਪ੍ਰੀਤ ਬੱਲੀ

ਮਹਿਤਪੁਰ (ਰਾਜਾ) ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਸੁਰਿੰਦਰ ਕੰਬੋਜ, ਸੋਮ ਸਿੰਘ, ਐਨ ਡੀ ਤਿਵਾੜੀ ਨੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕੱਚੇ ਅਧਿਆਪਕ ਖਿਲਾਫ ਤਾਨਸ਼ਾਹੀ ਫਰਮਾਨ ਜਾਰੀ ਕਰਨ ਦੀ ਨਿਖੇਧੀ ਕੀਤੀ। ਵਲੰਟੀਅਰ ਕੱਚੇ ਅਧਿਆਪਕ ਸਿੱਖਿਆ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿਚ ਗਏ ਸਨ, ਉਸ ਮੌਕੇ 'ਤੇ ਇਹਨਾਂ ਅਧਿਆਪਕਾਂ ਉੱਪਰ ਹੁੱਲੜਬਾਜੀ ਕਰਨ ਅਤੇ ਗੱਡੀ ਭੰਨਣ ਦਾ ਇਲਜਾਮ ਲਗਾ ਕੇ ਸਰਕਾਰ ਅਧਿਆਪਕ

17-April-Page-9.qxd 4/16/2023 9:14 PM Page 1

ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਸਾਬਕਾ ਫੌਜੀਆਂ ਦਾ 'ਆਪ' ਨੂੰ ਸਮਰਥਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਨੂੰ ਲੈ ਕੇ ਸੂਬੇ ਦੇ ਸਾਬਕਾ ਫੌਜੀ ਆਮ ਆਦਮੀ ਪਾਰਟੀ (ਆਪ) ਦੇ ਹੱਕ ਵਿੱਚ ਡਟ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਪੰਜਾਬ ਅਤੇ ਦਿੱਲੀ ਵਿੱਚ ਹੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਇੱਕ ਹਰਮਨ ਪਿਆਰੀ ਪਾਰਟੀ ਬਣ ਚੁੱਕੀ ਹੈ ਅਤੇ ਦੇਸ਼ ਵਾਸੀ ਕੇਜਰੀਵਾਲ ਨੂੰ ਦੇਸ਼ ਦੇ ਇੱਕ ਇਮਾਨਦਾਰ ਅਤੇ ਸੁਧਾਰਕ ਨੇਤਾ ਵਜੋਂ ਦੇਖ ਰਹੇ ਹਨ। ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੇ ਸਾਬਕਾ ਫੌਜੀਆਂ ਦੀ ਹੋਈ ਮੀਟਿੰਗ ਦੌਰਾਨ ਜਲੰਧਰ ਲੋਕ ਸਭਾ ਹਲਕੇ ਦੀ ਅਗਲੇ ਮਹੀਨੇ ਹੋਣ ਵਾਲੀ ਜ਼ਿਮਨੀ ਚੋਣ ਅਤੇ ਅਗਲੇ ਸਾਲ 2024 ਵਿੱਚ ਹੋਣ ਵਾਲੀਆਂ ਦੇਸ਼ ਦੀਆਂ ਲੋਕ ਸਭਾ ਚੋਣਾਂ ਸੰਬੰਧੀ ਅਹਿਮ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਹਾਜ਼ਰ ਸਾਬਕਾ ਫੌਜੀਆਂ ਨੇ ਐਲਾਨ ਕੀਤਾ ਕਿ ਉਹ ਜਲੰਧਰ ਲੋਕ ਸਭਾ ਹਲਕੇ ਦੀਆਂ ਜ਼ਿਮਨੀ ਚੋਣਾਂ ਅਤੇ 2024 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਵੀ 'ਆਪ' ਦਾ ਸਮਰਥਨ ਕਰਨਗੇ।

ਜਿਸ ਤਰ੍ਹਾਂ 2022 ਵਿੱਚ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣੀ ਹੈ, ਉਸੇ ਤਰ੍ਹਾਂ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਵਾਸੀ ਆਮ ਆਦਮੀ ਪਾਰਟੀ ਨੂੰ ਰਿਕਾਰਡ ਤੋੜ ਵੋਟਾਂ ਪਾ ਕੇ ਅਰਵਿੰਦ ਕੇਜਰੀਵਾਲ ਨੂੰ ਜੇਤੂ ਬਣਾਉਣਗੇ। ਅਰਵਿੰਦ ਕੇਜਰੀਵਾਲ ਨੂੰ ਸਰਕਾਰੀ ਏਜੰਸੀ ਵੱਲੋਂ ਪੁੱਛਗਿੱਛ ਲਈ ਭੇਜੇ ਗਏ ਸੰਮਨ ਬਾਰੇ ਸਾਬਕਾ ਫੌਜੀਆਂ ਨੇ ਕਿਹਾ ਕਿ ਅਜਿਹੇ ਸਿਆਸੀ ਹੱਥਕੰਡੇ ਅਪਣਾਉਣ ਨਾਲ ਭਾਜਪਾ ਦਾ ਕੁਝ ਵੀ ਭਲਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਇਕੱਲੇ ਨਹੀਂ ਹਨ, ਅੱਜ ਪੂਰਾ ਦੇਸ਼ ਕੇਜਰੀਵਾਲ ਨਾਲ ਖੜ੍ਹਾ ਹੈ। ਇਸੇ ਤਰ੍ਹਾਂ ਪੂਰਾ ਦੇਸ਼ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨਾਲ ਵੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਸਾਬਕਾ ਫੌਜੀਆਂ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਦੋਸ਼ ਲਗਾਇਆ ਕਿ ਕੇਜਰੀਵਾਲ ਦੇ ਦੇਸ਼ ਵਿੱਚ ਵਧ ਰਹੇ ਪ੍ਰਭਾਵ ਅਤੇ ਆਪਣੀ ਪਾਰਟੀ ਦੀ ਹਾਰ ਦੀ ਬੌਖਲਾਹਟ ਕਾਰਨ ਭਾਜਪਾ ਅਜਿਹਾ ਕਰ ਰਹੀ ਹੈ। ਸਾਬਕਾ ਫੌਜੀਆਂ ਨੇ ਦਾਅਵਾ ਕੀਤਾ ਕਿ 12 ਮਈ ਨੂੰ ਹੋਣ ਜਾ ਰਹੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਰਿਕਾਰਡਤੋੜ ਜਿੱਤ ਦਰਜ ਕਰੇਗੀ। ਸੂਬੇ ਵਿੱਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਨਸ਼ਿਆਂ 'ਤੇ ਕੁਝ ਹੱਦ ਤੱਕ ਕਾਬੂ ਪਾ ਲਿਆ ਗਿਆ ਹੈ ਅਤੇ ਉਮੀਦ ਜ਼ਾਹਰ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ 'ਆਪ' ਦੇ ਸ਼ਾਸਨ 'ਚ ਪੰਜਾਬ 'ਚੋਂ ਨਸ਼ੇ ਦਾ ਪੂਰੀ ਤਰ੍ਹਾਂ ਖਾਤਮਾ ਹੋ ਜਾਵੇਗਾ। ਸਾਬਕਾ ਫੌਜੀਆਂ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਵੱਲੋਂ ਐਨ ਪੀ ਐਸ ਸੰਬੰਧੀ ਜੋ ਹੁਕਮ ਆਏ ਹਨ, ਉਨ੍ਹਾਂ ਵਿੱਚ ਸੀਨੀਅਰ ਪੱਧਰ ਦੇ ਸੇਵਾਮੁਕਤ ਫੌਜੀ ਅਧਿਕਾਰੀਆਂ ਦੀ ਪੈਨਸ਼ਨ ਵਿੱਚ ਵਾਧਾ ਕਰਨ ਦੀ ਬਜਾਏ 2000 ਰੁਪਏ ਦੀ ਕਟੌਤੀ ਕੀਤੀ ਗਈ ਹੈ। ਉਨ੍ਹਾਂ ਕੇਂਦਰ ਸਰਕਾਰ ਦੇ ਇਸ ਫੈਸਲੇ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਉਨ੍ਹਾਂ ਅਧਿਕਾਰੀਆਂ ਲਈ ਇੱਕ ਵੱਡਾ ਝਟਕਾ ਹੈ ਜੋ ਦੇਸ਼ ਦੀ ਸੇਵਾ ਵਿੱਚ ਆਪਣੀ ਜ਼ਿੰਦਗੀ ਦੇ 28 ਅਹਿਮ ਸਾਲ ਬਿਤਾਉਣ ਤੋਂ ਬਾਅਦ ਸੇਵਾਮੁਕਤ ਹੋ ਜਾਣਗੇ। 'ਆਪ' ਦੇ ਰਾਜ 'ਚ ਕਿਸੇ ਵੀ ਸਰਕਾਰੀ ਦਫਤਰ 'ਚ ਕੋਈ ਹੇਰਾਫੇਰੀ ਨਹੀਂ ਚਲਦੀ। ਇਸ ਤੋਂ ਪਹਿਲਾਂ ਭ੍ਰਿਸ਼ਟਾਚਾਰ ਸਿਖਰ 'ਤੇ ਸੀ ਅਤੇ ਪੈਸੇ ਦੇ ਕੇ ਵੀ ਲੋਕਾਂ ਦੇ ਕੰਮ ਨਹੀਂ ਹੁੰਦੇ ਸਨ।

ਮੀਟਿੰਗ ਦੇ ਸਬੰਧ ਵਿਚ ਸਾਬਕਾ ਫੌਜੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਕਜੁੱਟ ਹੋ ਕੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਵਲੋਂ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਅਤੇ ਅਗਲੇ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਪੂਰੀ ਤਰ੍ਹਾਂ ਵਿਰੋਧ ਕੀਤਾ ਜਾਵੇਗਾ।

ਸਾਲਾਨਾ ਇਨਾਮ ਵੰਡ ਸਮਾਰੋਹ 'ਚ ਸਹਿਜਪਾਲ ਪਰਵਾਰ ਵੱਲੋਂ ਬੱਚੇ ਸਨਮਾਨਤ

ਫਿਲੌਰ (ਬੀ ਐਸ ਕੈਨੈਡੀ) ਸਰਕਾਰੀ ਹਾਈ ਸਕੂਲ ਮਾਓ ਸਾਹਿਬ ਦੇ ਵਿਹੜੇ ਵਿੱਚ ਹਰ ਸਾਲ ਦੀ ਤਰ੍ਹਾਂ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਆਤਮਾ ਰਾਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਤਾਬਪੁਰਾ ਵਲੋਂ ਕੀਤੀ ਗਈ। ਇਸ ਸਮੇਂ ਪਿੰਡ ਮਾਓ ਸਾਹਿਬ ਦੇ ਪਰਵਾਸੀ ਭਾਰਤੀ ਦੇਸ ਰਾਜ ਸਹਿਜਪਾਲ ਪਰਿਵਾਰ ਵਲੋਂ "ਮੇਰੇ ਪਿੰਡ ਦਾ ਸਕੂਲ" ਪਰੋਜੈਕਟ ਅਧੀਨ ਸਕੂਲ ਵਿੱਚ ਪੜ੍ਹਾਈ, ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਦੇ ਸਾਰੇ ਬੱਚਿਆਂ ਨੂੰ ਸਕੂਲ ਬੈਗ ਵੀ ਭੇਟ ਕੀਤੇ ਗਏ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਹਿਜਪਾਲ ਪਰਵਾਰ ਆਪਣੇ ਮਾਪਿਆਂ ਦੀ ਯਾਦ ਵਿੱਚ ਬਣਾਏ ਸਕੂਲ ਗੇਟ ਦਾ ਉਦਘਾਟਨ ਕਰਕੇ ਸਕੂਲ ਨੂੰ ਸਮਰਪਿਤ ਕੀਤਾ ਗਿਆ। ਇਸ ਸਮੇਂ ਸਕੂਲ ਸਟਾਫ ਮਾਓ ਸਾਹਿਬ, ਖੇਲਾ ਮੀਆਂਵਾਲ, ਗ੍ਰਾਮ ਪੰਚਾਇਤ ਮਾਓ ਸਾਹਿਬ, ਸਕੂਲ ਮੈਨੇਜਮੈਂਟ ਕਮੇਟੀ, ਇਲਾਕੇ ਦੀਆਂ ਸਮਾਜ ਸੇਵੀ ਤੇ ਖੇਡ ਸੰਸਥਾਵਾਂ ਦੇ ਪਤਵੰਤਿਆਂ ਨੇ ਖਾਸ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮੇਂ ਸਾਬਕਾ ਸਕੂਲ ਮੁੱਖੀ ਮੰਗਤ ਰਾਮ ਸਮਰਾ ਤੇ ਕਰਨੈਲ ਫਿਲੌਰ ਵਲੋਂ ਸਹਿਜਪਾਲ ਪਰਵਾਰ ਦਾ ਧੰਨਵਾਦ ਕੀਤਾ ਗਿਆ ਤੇ ਸਮੂਹ ਸਟਾਫ ਵਲੋਂ ਦੇਸ ਰਾਜ ਸਹਿਜਪਾਲ, ਹਰੀਕ੍ਰਿਸ਼ਨ ਸਹਿਜਪਾਲ,ਰਜਿੰਦਰ ਸਹਿਜਪਾਲ,ਨੀਨਾ ਸਹਿਜਪਾਲ ਤੇ ਸੱਤਿਆ ਸਹਿਜਪਾਲ ਦਾ ਖਾਸ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਸਮੇਂ ਸਕੂਲ ਸਟਾਫ ਦੇ ਮੈਂਬਰ ਜਗਜੀਵਨ ਸਿੰਘ, ਲੇਖ ਰਾਜ ਪੰਜਾਬੀ, ਅਮਨਦੀਪ, ਰੋਹਿਤ ਸੋਬਤੀ, ਕਵਿਸ਼ ਕੁਮਾਰ, ਰਿੰਕੂ ਕੁਮਾਰ, ਸੁਕੇਸ਼ ਕੁਮਾਰ, ਰਾਜਦੀਪ ਕੌਰ, ਪੁਸ਼ਪਿੰਦਰ ਕੌਰ, ਆਰਤੀ, ਗੀਨਾ ਰਾਣੀ, ਸਰੋਜ ਰਾਣੀ, ਹਰਵਿੰਦਰ ਕੌਰ, ਬਲਕੀਸ਼, , ਨੀਰੂ ਸ਼ਰਮਾ, ਜਸਪ੍ਰੀਤ ਕੌਰ, ਟੀਨਾ ਤੋਂ ਇਲਾਵਾ ਸਰਪੰਚ ਸੱਤਿਆ ਦੇਵੀ ਮਾਓ ਸਾਹਿਬ, ਨਿਰਮਲਜੀਤ ਸਰਪੰਚ ਮੀਆਂਵਲ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪਰਮਜੀਤ ਕੁਮਾਰ, ਸਾਬਕਾ,ਚੇਅਰਮੈਨ ਮੋਹਣ ਸਿੰਘ ਢਿੱਲੋਂ, ਚਮਨ ਲਾਲ ਸਿੰਘ, ਸਾਬਕਾ ਸਰਪੰਚ ਪ੍ਰੇਮ ਪਾਲ, ਹਰੀਕਰਿਸ਼ਨ, ਰਵੀ ਭੌਰਾ, ਮਹਿੰਦਰ ਸਿੰਘ ਬੀਕਾ, ਜਰਨੈਲ ਸਿੰਘ ਢੰਡਾ, ਹਰਮੇਲ ਸਿੰਘ, ਬਲਜਿੰਦਰ ਸਿੰਘ, ਮੋਹਣ ਲਾਲ ਪੰਚ, ਸੁਰਜੀਤ ਜੱਖੂ ਪੰਚ, ਨਵਦੀਪ ਸਿੰਘ, ਤੀਰਥ ਭੌਰਾ, ਨਿਰਮਲ ਸਿੰਘ,ਸਕਨਾਮ ਸਿੰਘ ਪੱਚੂੱ, ਗਿਆਨ ਚੰਦ, ਆਤਮਾ ਸਿੰਘ, ਮੁਲਖ ਰਾਜ, ਪਰਮਜੀਤ ਪੰਚ, ਦਿਆਲ ਚੰਦ, ਕ੍ਰਿਪਾਲ ਸਿੰਘ, ਹਰਦੇਵ ਸਿੰਘ ਧਨੋਆ, ਜਗਮੋਹਨ, ਸੁਰਜੀਤ ਕੁਮਾਰ ਟੇਲਰ, ਹਰਵਿੰਦਰ ਸਿੰਘ ਭੂਚੋ, ਕੁਲਵੀਰ ਸਿੰਘ, ਬਲਵੀਰ ਸਿੰਘ, ਕਾਮਰੇਡ ਅਜੀਤ ਸਿੰਘ ਬੱਲ, ਲਛਮਣ ਦਾਸ ਆਦਿ ਹਾਜਰ ਸਨ।

ਪੰਜਾਬੀ ਤੇ ਫਿਜਿਕਸ ਵਿਭਾਗ ਦੇ ਵਿਦਿਆਰਥੀਆਂ ਨੇ ਟੂਰ ਲਗਾਇਆ

ਮਾਹਿਲਪੁਰ, (ਨਜ਼ਸ)- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਅਤੇ ਪੋਸਟ ਗਰੈਜੂਏਟ ਫਿਜਿਕਸ ਵਿਭਾਗ ਦੇ ਅਧਿਆਪਕਾਂ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਦਾ ਵਿਦਿਅਕ ਟੂਰ ਲਗਾਇਆ ਤੇ ਪ੍ਰਾਚੀਨ ਕਿਲ੍ਹੇ ਦਾ ਵਿਸ਼ੇਸ਼ ਦੌਰਾ ਕੀਤਾ ਅਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕੀਤੀ। ਕਿਲ੍ਹੇ ਅੰਦਰ ਬਣੇ ਮਿਊਜ਼ੀਅਮ ਸਮੇਤ ਇਲਾਕੇ ਦੇ ਲੋਕਾਂ ਦੀ ਸੰਸਕ੍ਰਿਤੀ ਅਤੇ ਸਮਾਜਿਕ ਜੀਵਨ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾਈ। ਵਿਦਿਆਰਥੀਆਂ ਨੇ ਬਗਲਾਮੁਖੀ ਮੰਦਿਰ, ਡੇਰਾ ਗੋਪੀਪੁਰ ਅਤੇ ਕਾਂਗੜਾ ਦੇ ਸ਼ਕਤੀਪੀਠ ਬ੍ਰਿਜੇਸ਼ਵਰੀ ਮੰਦਿਰ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਧਾਰਮਿਕ ਸਥਾਨਾਂ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕੀਤੀ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁੱਖੀ ਡਾ. ਜੇ ਬੀ ਸੇਖੋਂ, ਫਿਜਿਕਸ ਵਿਭਾਗ ਦੇ ਮੁੱਖੀ ਪ੍ਰੋ ਆਰਤੀ ਸ਼ਰਮਾ, ਡਾ. ਬਲਵੀਰ ਕੌਰ, ਪ੍ਰੋ ਦਵਿੰਦਰ ਠਾਕੁਰ, ਡਾ. ਪ੍ਰਭਜੋਤ ਕੌਰ, ਪ੍ਰੋ ਪਰਮਵੀਰ ਸ਼ੇਰਗਿੱਲ, ਪ੍ਰੋ ਜਸਦੀਪ ਕੌਰ ਅਤੇ ਪ੍ਰੋ ਅਸ਼ੋਕ ਕੁਮਾਰ ਸਮੇਤ ਵਿਦਿਆਰਥੀ ਹਾਜ਼ਰ ਸਨ।

ਜ਼ਿਲ੍ਹਾ ਕਾਂਗਰਸ ਕਮੇਟੀ ਵੱਲੋਂ ਡਾ. ਅੰਬੇਡਕਰ ਨੂੰ ਸ਼ਰਧਾਂਜਲੀ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾ ਪੁਰੀਆ)— ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੇ ਸਿਧਾਤਾਂ ਨੇ ਸਾਡੇ ਸੰਵਿਧਾਨ ਨੂੰ ਮਜਬੂਤ ਬਣਾਇਆ, ਆਓ ਆਪਾਂ ਉਨ੍ਹਾਂ ਦੇ ਜੀਵਨ ਅਤੇ ਵਿਚਾਰਾਂ ਨੂੰ ਆਦਰਸ਼ ਬਣਾ ਕੇ ਆਪਣੇ ਜੀਵਨ ਵਿਚ ਲਾਗੂ ਕਰਨ ਦਾ ਸੰਕਲਪ ਕਰੀਏ ਅਤੇ ਇਕ ਮਜਬੂਤ ਅਤੇ ਖੁਸ਼ਹਾਲ ਭਾਰਤ ਦੀ ਸਿਰਜਣਾ ਵਿਚ ਯੋਗਦਾਨ ਪਾਈਏ। ਇਸ ਮੌਕੇ ਬਲਵਿੰਦਰ ਕੁਮਾਰ ਭੁੰਬਲਾ ਵਾਈਸ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ, ਜੈਦੀਪ ਜਾਂਗੜਾ ਬਲਾਕ ਪ੍ਰਧਾਨ ਸ਼ਹਿਰੀ ਨਵਾਂਸ਼ਹਿਰ ਅਤੇ ਕਾਂਗਰਸੀ ਵਰਕਰ ਹਾਜਰ ਸਨ।

ਵਿਸਾਖੀ ਤੇ ਅੰਬੇਦਕਰ ਜੈਅੰਤੀ ਮਨਾਈ

ਕਰਤਾਰਪੁਰ (ਹਰਮੇਸ ਦੱਤ) ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਕਰਤਾਰਪੁਰ ਵੱਲੋ ਪ੍ਰਿੰਸੀਪਲ ਕੰਵਲਜੀਤ ਕੌਰ ਦੀ ਅਗਵਾਈ ਹੇਠ ਵਿਸਾਖੀ ਦਾ ਤਿਉਹਾਰ ਅਤੇ ਡਾ ਬੀ.ਆਰ.ਅੰਬੇਦਕਰ ਜੀ ਦਾ ਜਨਮ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਭੰਗੜਾ,ਗਿੱਧਾ,ਕਵਿਤਾ ਅਤੇ ਹੋਰ ਗਤੀਵਿਧੀਆਂ ਕਰਵਾਈਆਂ ਗਈਆਂ। ਪ੍ਰਿੰਸੀਪਲ ਨੇ ਵਿਸਾਖੀ ਦੇ ਤਿਉਹਾਰ ਅਤੇ ਡਾ ਬੀ. ਆਰ.ਅੰਬੇਦਕਰ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਕਾਲਜ ਦੇ ਚੇਅਰਪਰਸਨ ਸੁਰਿੰਦਰ ਕੌਰ , ਡਾ. ਪਿਆਰਾ ਸਿੰਘ,ਡਾ. ਚਰਨ ਸਿੰਘ, ਪ੍ਰਿੰਸੀਪਲ ਕੰਵਲਜੀਤ ਕੌਰ ਅਤੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਦੇਸ਼ ਵਾਸੀਆਂ ਨੂੰ ਵਿਸਾਖੀ ਦੇ ਤਿਉਹਾਰ ਅਤੇ ਡਾ ਬੀ.ਆਰ.ਅੰਬੇਦਕਰ ਜੈਅੰਤੀ ਦੀਆਂ ਵਧਾਈਆਂ ਦਿੱਤੀਆਂ।

ਪੁਲ 'ਤੇ ਟਰੱਕ ਖਰਾਬ ਹੋਣ ਨਾਲ ਲੋਕਾਂ ਲਈ ਬਣੀ ਮੁਸੀਬਤ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਬੀਤੀ ਦੇਰ ਰਾਤ ਕਾਹਨਪੁਰ ਖੂਹੀ - ਗੜਸ਼ੰਕਰ ਮੁੱਖ ਮਾਰਗ ਤੇ ਹਰੋ ਦਾ ਪੋਅ ਦੇ ਨਜਦੀਕ ਪੈਂਦੇ ਪੁਲ ਦੇ ਉੱਤੇ ਇੱਕ ਟਰੱਕ ਦੇ ਅਚਾਨਕ ਖਰਾਬ ਹੋ ਜਾਣ ਕਾਰਨ ਉਕਤ ਮਾਰਗ 'ਤੇ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਦੱਸਣਯੋਗ ਹੈ ਕਿ ਬੀਤੇ ਕੱਲ ਵਿਸਾਖੀ ਦੇ ਤਿਉਹਾਰ ਦੇ ਮੱਦੇਨਜਰ ਵੱਖ-ਵੱਖ ਸੂਬਿਆਂ ਤੋਂ ਸ਼੍ਰੀ ਅਨੰਦਪੁਰ ਸਾਹਿਬ, ਸ਼੍ਰੀ ਖੁਰਾਲਗੜ੍ਹ ਸਾਹਿਬ, ਅਤੇ ਗੁਰੂ ਕਾ ਲਾਹੌਰ ਵਿਖੇ ਨਤਮਸਤਕ ਹੋਣ ਲਈ ਪਹੁੰਚੀਆਂ ਸਨ ਜਿਨਾਂ ਨੂੰ ਵਾਪਸੀ ਜਾਣ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਜਿਥੇ ਉਕਤ ਮਾਰਗ ਦੀ ਖਸਤਾ ਹਾਲਤ ਤੋਂ ਸ਼ਰਧਾਲੂ ਡਾਅਢੇ ਦੁਖੀ ਹਨ ਉੱਥੇ ਉਹ ਸੂਬਾ ਸਰਕਾਰ ਵਲੋਂ ਵਿਕਾਸ ਦੇ ਨਾਂਅ 'ਤੇ ਪਿੱਟਿਆ ਜਾ ਰਿਹਾ ਢੰਡੋਰਾ ਖੋਖਲਾ ਸਾਬਤ ਹੋ ਰਿਹਾ ਹੈ।

ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਪੰਜਾਬ ਦੇ ਅਹੁਦੇਦਾਰਾਂ ਦੀ ਮੀਟਿੰਗ

ਕਾਲਾ ਸੰਘਿਆਂ (ਮਨਜੀਤ ਮਾਨ) ਜਲ ਸਪਲਾਈ ਸੈਨੀਟੇਸ਼ਨ ਮਸਟਰੋਲ ਇੰਪਲਾਈਜ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਸੁਖਦੰਦਨ ਸਿੰਘ ਮਹੇਨੀਆ ਦੀ ਪ੍ਰਧਾਨਗੀ ਹੇਠ ਮਹਿਕਮੇ ਦੇ ਐਚ ਓ ਡੀ ਮੁਹੰਮਦ ਇਸਫਾਕ ਨਾਲ ਹੋਈ। ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਸੰਜੀਵ ਕੌਂਡਲ ਨੇ ਦੱਸਿਆ ਕਿ ਐਚ ਓ ਡੀ ਵਲੋਂ ਮਹਿਕਮੇ ਦੇ ਫੀਲਡ ਵਰਕਰ ਦਰਜਾ 3 ਅਤੇ ਦਰਜਾ 4 ਦੀਆਂ ਪ੍ਰਮੋਸ਼ਨਾਂ ਸਬੰਧੀ ਕਿਹਾ ਕਿ ਦਰਜਾ 4 ਦੀਆਂ ਪ੍ਰਮੋਸ਼ਨਾਂ ਮਈ ਮਹੀਨੇ ਵਿੱਚ ਹੋ ਜਾਣਗੀਆਂ ਅਤੇ ਦਰਜਾ 3 ਦੀਆਂ ਪ੍ਰਮੋਸ਼ਨਾਂ ਵੀ 30 ਅਪ੍ਰੈਲ ਤਕ ਹੋ ਜਾਣਗੀਆਂ। ਫੀਲਡ ਮੁਲਾਜਮਾਂ ਦੀਆਂ ਹਫਤਾਵਾਰੀ ਛੁੱਟੀਆਂ ਦਾ ਪੱਤਰ ਵੀ ਅਗਲੇ ਹਫਤੇ ਜਾਰੀ ਕਰ ਦਿੱਤਾ ਜਾਵੇਗਾ ਅਤੇ ਮਹਿਕਮੇ ਵਿਚ ਕੰਮ ਕਰਦੇ ਇੰਨਲਿਸਟਮੈਂਟ ਵਾਲੇ ਵਰਕਰਾਂ ਨੂੰ ਵੀ ਜਲਦੀ ਹੀ ਮਹਿਕਮੇ ਅੰਦਰ ਲਿਆ ਕੇ ਰੈਗੂਲਰ ਕੀਤਾ ਜਾਵੇਗਾ। ਇਸ ਸਬੰਧੀ ਸਰਕਾਰ ਵੱਲੋਂ ਇਕ ਕਮੇਟੀ ਬਣਾਈ ਗਈ ਹੈ ਜਿਸ ਦੇ ਫੈਸਲੇ ਤੋਂ ਬਾਅਦ ਸਾਰੀ ਕਰਵਾਈ ਹੋ ਜਾਵੇਗੀ। ਮੀਟਿੰਗ ਵਿੱਚ ਸ਼ਿਵ ਮੰਨਣ ,ਬਿੱਟੂ ਮਲੋਟ , ਮੁਕੇਸ਼ ਕੰਡਾ, ਰਾਜਪਾਲ ਲਸੋਈ, ਬਲਵੀਰ ਸਿੱਧਵਾਂ, ਸੁਖਜੀਵਨ ਮਾਨ, ਰਘਵੀਰ ਸਿੰਘ, ਹਿੰਮਤ ਮੋਹਾਲੀ, ਚੰਦ ਸ

17-APRIL-PAGE-10.qxd 4/16/2023 8:47 PM Page 1

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਪੜਾਅਵਾਰ ਸੰਘਰਸ਼

ਪਟਿਆਲਾ : ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਜ਼ਿਲ੍ਹਾ ਸ਼ਾਖਾ ਵੱਲੋਂ ਸਿਹਤ ਵਿਭਾਗ ਵਿਚਲੇ ਕੰਟਰੈਕਟ ਤੇ ਆਊਟਸੋਰਸ ਚੌਥਾ ਦਰਜਾ, ਸਫਾਈ ਸੇਵਕਾਂ ਦਾ 2015 ਤੋਂ ਠੇਕੇਦਾਰਾਂ ਦੁਆਰਾ ਸ਼ੋਸ਼ਣ ਤੇ ਕੀਤੀ ਜਾ ਰਹੀ ਲੁੱਟ-ਖਸੁੱਟ ਨੂੰ ਲੈ ਕੇ ਪੜਾਅਵਾਰ ਸੰਘਰਸ਼ ਕੀਤੇ ਜਾ ਰਹੇ ਹਨ, ਠੇਕੇਦਾਰਾਂ ਵੱਲੋਂ ਇਨ੍ਹਾਂ ਕਰਮੀਆਂ ਨੂੰ ਘੱਟੋ ਘੱਟ ਉਜਰਤਾਂ ਨਾ ਦੇਣ, ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਦੀ ਅਤੇ ਕਿਰਤ ਕਮਿਸ਼ਨਰ ਦੇ ਪੱਤਰਾਂ ਦੀ ਪਾਲਣਾ ਨਾ ਕਰਨ ਇਹ ਸਾਰੇ ਮਾਮਲੇ ਸੰਬੰਧੀ ਸਿਹਤ ਮੰਤਰੀਆਂ ਦੇ ਧਿਆਨ 'ਚ ਲਿਖਤੀ ਰੂਪ 'ਚ ਲਿਆਉਣ, ਸੰਬੰਧਤ ਅਫਸਰ ਜੋ ਇਨ੍ਹਾਂ ਕਰਮੀਆਂ ਦੇ ਪ੍ਰਿੰਸੀਪਲ ਇੰਪਲਾਇਰ ਹਨ, ਵੱਲੋਂ ਠੇਕੇਦਾਰਾਂ ਨਾਲ ਮਿਲੀਭੁਗਤ ਕਰਕੇ ਅੱਖੋ ਓਹਲੇ ਕਰਨ ਵਰਗੇ ਮਾਮਲਿਆਂ ਤੇ ਸਰਕਾਰ ਤੇ ਕਿਰਤ ਵਿਭਾਗ ਵਲੋਂ ਧਿਆਨ ਨਾ ਦੇਣ ਨੂੰ ਲੈ ਕੇ ਸਿਹਤ ਸੰਸਥਾਵਾਂ ਅੱਗੇ ਧਰਨੇ, ਰੈਲੀਆਂ, ਅਰਥੀ ਫੂਕ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾ, ਜਨਰਲ ਸਕੱਤਰ ਬਲਜਿੰਦਰ ਸਿੰਘ ਅਨੁਸਾਰ ਮਿਤੀ 23 ਅਪ੍ਰੈਲ ਆਦਮਪੁਰ, 30 ਅਪ੍ਰੈਲ ਨਕੋਦਰ, 26 ਅਪ੍ਰੈਲ ਤੇ 7 ਮਈ ਨੂੰ ਜਲੰਧਰ ਵਿਖੇ ਕਾਲੇ ਚੋਗੇ ਪਾ ਕੇ ਤੇ ਝੰਡਾ ਮਾਰਚ ਹੋਵੇਗਾ ਅਤੇ ਮੌਜੂਦਾ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਸਿਹਤ ਵਿਭਾਗ ਤੇ ਮੈਡੀਕਲ ਰਿਸਰਚ ਵਿਭਾਗ ਦੀਆਂ ਮੰਗਾਂ ਬਾਰੇ ਅਤੇ ਘੱਟੋ ਘੱਟ ਉਜਰਤਾਂ, ਉਜਰਤਾਂ ਦਾ ਬਕਾਇਆ ਤੇ ਤਨਖਾਹਾਂ ਸਮੇਂ ਸਿਰ ਜਾਰੀ ਕਰਵਾਉਣ ਸੰਬੰਧੀ ਤੇ ਠੇਕੇਦਾਰੀ ਪ੍ਰਥਾ ਖਤਮ ਕਰਨ ਤੇ 27 ਫਰਵਰੀ ਅਤੇ 15 ਮਾਰਚ ਨੂੰ ਧਿਆਨ 'ਚ ਲਿਖਤੀ ਰੂਪ 'ਚ ਜਿਸ ਵਿੱਚ ਮੰਗਾਂ ਦੇ ਮੈਮੋਰੰਡਮ ਵੀ ਸ਼ਾਮਲ ਸਨ, ਲਿਆਂਦਾ ਗਿਆ। ਪਰੰਤੂ ਪਰਨਾਲਾ ਅੱਜ ਵੀ ਉੱਥੇ ਦਾ ਉੱਥੇ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਗਈ।

ਮੈਡੀਕਲ ਸੁਪਰਡੈਂਟ ਮਾਤਾ ਕੁਸ਼ੱਲਿਆ ਹਸਪਤਾਲ ਵਿਰੁੱਧ ਚਲ ਰਹੀ ਜੱਦੋ ਜਹਿਦ ਬਾਰੇ ਵੀ ਧਿਆਨ 'ਚ ਲਿਆਂਦਾ ਗਿਆ। ਜਿਸ ਦਾ ਵੀ ਮੰਤਰੀ ਨੇ ਕੋਈ ਵੀ ਨੋਟਿਸ ਨਹੀਂ ਲਿਆ। ਅੱਜ ਇੱਥੇ ਕੰਟਰੈਕਟ, ਆਊਟਸੋਰਸ, ਸਫਾਈ ਸੇਵਕਾਂ ਅਤੇ ਚੌਥਾ ਦਰਜਾ ਕਰਮਚਾਰੀਆਂ ਨੇ ਸਿਹਤ ਮੰਤਰੀ ਦੀ ਨਿੱਜੀ ਰਿਹਾਇਸ਼ ਅੱਗੇ ਧਰਨਾ ਦੇਣ ਲਈ ਗੁਰਦੁਆਰਾ ਸ੍ਰੀ ਦੁੱਖਨਿਵਾਰਨ ਸਾਹਿਬ ਨੇੜੇ ਬੱਸ ਸਟਾਪ ਵਿਖੇ ਲਾਲ ਝੰਡਿਆਂ, ਬੈਨਰਾਂ ਨਾਲ ਇਕੱਠੇ ਹੋਏ ਜਿਸ ਵਿੱਚ ਕੰਮਕਾਜੀ ਔਰਤਾਂ ਵੀ ਸ਼ਾਮਲ ਸਨ, ਇੱਥੋਂ ਰੋਸ ਮਾਰਚ ਕਰਕੇ ਮੰਤਰੀ ਦੀ ਰਿਹਾਇਸ਼ ਅੱਗੇ ਵਧੇ ਤਾਂ ਭਾਰੀ ਪੁਲਸ ਫੋਰਸ ਜੋ ਪਹਿਲਾਂ ਤੋਂ ਤੈਨਾਤ ਸੀ, ਵੱਲੋਂ ਮੰਤਰੀ ਨਾਲ ਗੱਲਬਾਤ ਕਰਵਾਉਣ ਤੇ ਰਿਹਾਇਸ਼ ਅੱਗੇ ਮਾਰਚ ਨੂੰ ਮੁਲਤਵੀ ਕੀਤਾ ਗਿਆ। ਇਸ ਮੌਕੇ ਮੁਲਾਜ਼ਮ ਆਗੂਆਂ 'ਚ ਦਰਸ਼ਨ ਸਿੰਘ ਲੁਬਾਣਾ, ਦੀਪ ਚੰਦ ਹੰਸ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਰਾਮ ਲਾਲ ਰਾਮਾ, ਮਾਧੋ ਲਾਲ ਰਾਹੀ, ਰਾਮ ਕਿਸ਼ਨ, ਰਾਮ ਪ੍ਰਸਾਦ ਸਹੋਤਾ, ਅਸ਼ੋਕ ਬਿੱਟੂ, ਦਰਸ਼ੀ ਕਾਂਤ, ਸਵਰਣ ਸਿੰਘ ਬੰਗਾ, ਉਂਕਾਰ ਸਿੰਘ, ਰਾਜੇਸ਼ ਕੁਮਾਰ, ਮੋਧ ਨਾਥ, ਪ੍ਰੀਤਮ ਠਾਕੁਰ, ਬਲਬੀਰ ਸਿੰਘ, ਬੰਸੀ ਲਾਲ, ਮੇਜਰ ਸਿੰਘ ਰਾਮ ਦਾਸ, ਅਨਿਲ ਗਾਗਟ, ਜਗਤਾਰ ਬਾਬਾ, ਤਰਲੋਚਨ ਮਾੜੂ, ਹਰਬੰਸ ਸਿੰਘ, ਸ਼ਾਮ ਸਿੰਘ, ਇੰਦਰਪਾਲ ਵਾਲੀਆ, ਪ੍ਰਕਾਸ਼ ਲੁਬਾਣਾ, ਅਜੈ ਸਿੱਪਾ, ਅਰੁਣ ਕੁਮਾਰ, ਸ਼ਿਵ ਚਰਨ, ਰਾਮ ਜੋਧਾ, ਦਿਆ ਸ਼ੰਕਰ, ਸੁਨੀਤਾ, ਮੀਨੂੰ, ਮਮਤਾਜ, ਪ੍ਰੇਮ ਲਤਾ, ਤਰਲੋਚਨ ਮੰਡੋਲੀ, ਲਖਵੀਰ ਸਿੰਘ, ਸਤਨਰਾਇਣ ਗੋਨੀ, ਸੁਨੀਲ ਦੱਤ, ਆਦਿ ਹਾਜ਼ਰ ਸਨ।

ਕੱਟਾਂ ਦੇ ਵਿਰੋਧ 'ਚ ਭਾਰਤੀ ਕਿਸਾਨ ਯੂਨੀਅਨ ਅਜ਼ਾਦ ਵੱਲੋਂ ਅਰਥੀ ਫੂਕ ਮੁਜ਼ਾਹਰਾ

ਮੂਨਕ (ਰਾਜਪਾਲ ਸਿੰਗਲਾ)-ਬੇਮੌਸਮੀ ਬਰਸਾਤ ਵਿੱਚ ਖਰਾਬ ਹੋਈ ਕਣਕ ਦੀ ਫਸਲ 'ਤੇ ਕੇਂਦਰ ਸਰਕਾਰ ਵੱਲੋਂ ਲਗਾਏ ਗਏ ਰੇਟਾਂ ਦੇ ਕੱਟਾਂ ਦੇ ਵਿਰੋਧ 'ਚ ਭਾਰਤੀ ਕਿਸਾਨ ਯੂਨੀਅਨ ਅਜ਼ਾਦ ਵੱਲੋਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦਾ ਅਰਥੀ ਫੂਕ ਮੁਜਜ਼ਾਹਰਾ ਮੂਨਕ ਦੀ ਅਨਾਜ ਮੰਡੀ ਦੇ ਮੁੱਖ ਗੇਟ ਸਾਹਮਣੇ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂਆਂ ਮੱਖਣ ਸਿੰਘ ਪਾਪੜਾਂ ਨੇ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਪਿਛਲੇ ਦਿਨੀਂ ਬੇਮੌਸਮੀ ਹੋਈ ਬਰਸਾਤ ਕਾਰਨ ਖਰਾਬ ਹੋਈ ਕਣਕ ਦੀ ਫਸਲ ਡਿਸਕਲਰ, ਦਾਣਾ ਕਾਲਾ ਹੋਣ ਦੇ ਨਾਲ ਨਾਲ ਹੋਰ ਪਈ ਮਾਰ ਦੇ ਅਨੁਸਾਰ ਰੇਟਾਂ ਵਿੱਚ ਕੱਟ ਲਗਾਏ ਗਏ ਹਨ, ਇਹ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਦੂਹਰੀ ਮਾਰ ਪਾਈ ਜਾ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੋ ਕੱਟ ਕਣਕ ਦੀ ਖਰਾਬ ਫਸਲ 'ਤੇ ਕੇਂਦਰ ਸਰਕਾਰ ਵੱਲੋਂ ਲਗਾਇਆ ਗਿਆ ਹੈ ਉਸ ਦੀ ਪੂਰਤੀ ਪੰਜਾਬ ਸਰਕਾਰ ਕਰੇਗੀ, ਪਰ ਇਹ ਗੱਲਾਂ ਕਰਨ ਦੀਆਂ ਕੁਝ ਹਨ, ਅਸਲ ਵਿੱਚ ਹੋਣਾ ਕੁਝ ਨਹੀਂ। ਜੇਕਰ ਕਿਸਾਨਾਂ ਦੀ ਫਸਲ 'ਤੇ ਲੱਗੇ ਕੱਟਾਂ ਨੂੰ ਨਹੀਂ ਹਟਾਇਆ ਗਿਆ ਤਾਂ ਸਰਕਾਰਾ ਦੇ ਖਿਲਾਫ ਕਿਸਾਨਾਂ ਦਾ ਵੱਡੇ ਪੱਧਰ 'ਤੇ ਸੰਘਰਸ਼ ਹੋਵੇਗਾ।

ਬਡਾਲੀ ਪੁਲਸ ਨੇ 10 ਕਿੱਲੋ ਅਫ਼ੀਮ ਸਮੇਤ ਨਾਗਾਲੈਂਡ ਤੋਂ ਕੀਤਾ ਮੁਲਜ਼ਮ ਕਾਬੂ

ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਪੁਲਸ ਅਧਿਕਾਰੀਆਂ ਨਾਲ ਨਜ਼ਰ ਆਉਂਦਾ ਹੋਇਆ।

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਪੁਲਸ ਮੁਖੀ ਫ਼ਤਹਿਗੜ੍ਹ ਸਾਹਿਬ ਡਾ. ਰਵਜੋਤ ਗਰੇਵਾਲ ਦੀ ਅਗਵਾਈ 'ਚ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਦੀਮਾਪੁਰ (ਨਾਗਾਲੈਂਡ) ਤੋਂ 10 ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ ਕਰਕੇ ਉੱਤਰ-ਪੂਰਬੀ ਰਾਜਾਂ ਤੋਂ ਹੋ ਰਹੀ ਨਸ਼ੇ ਦੀ ਇੱਕ ਸਪਲਾਈ ਲਾਈਨ ਨੂੰ ਤੋੜਨ ਦਾ ਦਾਅਵਾ ਕੀਤਾ ਗਿਆ ਹੈ। ਪੱਤਰਕਾਰਾਂ ਨੂੰ ਮਾਮਲੇ ਦੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਬੀਤੀ 4 ਅਪ੍ਰੈਲ ਨੂੰ ਐੱਸ.ਐੱਚ.ਓ. ਥਾਣਾ ਬਡਾਲੀ ਆਲਾ ਸਿੰਘ ਸਬ-ਇੰਸਪੈਕਟਰ ਨਰਪਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਡੀ.ਐੱਸ.ਪੀ. ਬਸੀ ਪਠਾਣਾਂ ਅਮਰਪ੍ਰੀਤ ਸਿੰਘ ਦੀ ਹਾਜ਼ਰੀ 'ਚ ਸੰਜੇ ਕੁਮਾਰ ਵਾਸੀ ਸਿਵਹਰ (ਬਿਹਾਰ) ਨੂੰ 7 ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਨਸ਼ੇ ਦੀ ਉਕਤ ਖੇਪ ਉਹ ਆਪਣੇ ਸਾਥੀ ਰਾਮ ਰਾਜ ਠਾਕਰ ਤੋਂ ਮਨੀਪੁਰ ਦੇ ਇਲਾਕੇ 'ਚੋਂ ਲੈ ਕੇ ਆਇਆ ਹੈ, ਜਿੱਥੇ ਅਫ਼ੀਮ ਦੀ ਖੇਤੀ ਹੁੰਦੀ ਹੈ ਤੇ ਉਹ ਉੱਤਰ-ਪੂਰਬੀ ਰਾਜਾਂ ਤੋਂ ਅਫ਼ੀਮ ਖਰੀਦ ਕੇ ਪੰਜਾਬ-ਹਰਿਆਣਾ ਆਦਿ ਰਾਜਾਂ 'ਚ ਸਪਲਾਈ ਕਰਨ ਦਾ ਧੰਦਾ ਕਰਦੇ ਹਨ। ਐੱਸ.ਐੱਸ.ਪੀ. ਨੇ ਦੱਸਿਆ ਕਿ ਰਾਮ ਰਾਜ ਠਾਕਰ ਨੂੰ ਮਾਮਲੇ 'ਚ ਅ/ਧ 29 ਐਨ.ਡੀ.ਪੀ.ਐਸ. 'ਚ ਐਕਟ ਤਹਿਤ ਨਾਮਜ਼ਦ ਕਰਦੇ ਹੋਏ ਐਸ.ਐਚ.ਓ. ਨਰਪਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੂੰ ਅਗਲੀ ਤਫਤੀਸ਼ ਲਈ ਦੀਮਾਪੁਰ (ਨਾਗਾਲੈਂਡ) ਭੇਜਿਆ ਗਿਆ, ਜਿੱਥੇ ਪਹੁੰਚ ਕੇ ਟੀਮ ਵੱਲੋਂ ਰਾਮ ਰਾਜ ਠਾਕੁਰ ਨੂੰ ਕਾਬੂ ਕਰਕੇ ਉਸ ਦੀ ਨਿਸ਼ਾਨਦੇਹੀ 'ਤੇ ਬਰਮਾ ਕੈਂਪ ਦੀਮਾਪੁਰ (ਨਾਗਾਲੈਂਡ) ਤੋਂ 10 ਕਿੱਲੋ ਅਫ਼ੀਮ ਹੋਰ ਬਰਾਮਦ ਕੀਤੀ ਗਈ, ਜਿਸ ਦਾ ਦੀਮਾਪੁਰ ਦੀ ਅਦਾਲਤ ਤੋਂ ਟਰਾਂਸਿਟ ਰਿਮਾਂਡ ਹਾਸਲ ਕਰਕੇ ਉਸ ਨੂੰ ਹੁਣ ਇੱਥੇ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਸ ਦੌਰਾਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਕਾਤਰਾਂ

ਖੇਡ ਟਰਾਇਲ 18 ਤੇ 19 ਨੂੰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਜ਼ਿਲ੍ਹਾ ਖੇਡ ਅਫਸਰ ਅਨਿੰਦਰਵੀਰ ਕੌਰ ਨੇ ਦੱਸਿਆ ਕਿ ਖੇਡ ਵਿਭਾਗ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਪੀ.ਆਈ.ਐੱਸ. ਅਕੈਡਮੀਆਂ ਵਿੱਚ ਸਾਲ 2023-24 ਦੇ ਸੈਸ਼ਨ ਲਈ ਖਿਡਾਰੀਆਂ ਨੂੰ ਦਾਖਲ ਕਰਨ ਵਾਸਤੇ 18 ਤੇ 19 ਅਪ੍ਰੈਲ ਨੂੰ ਟਰਾਇਲ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਬਾਕਸਿੰਗ ਲਈ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ, ਜਿਮਨਾਸਟਿਕਸ ਲਈ ਡੇਰਾ ਭਾਈ ਮਸਤਾਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ, ਸ਼ੂਟਿੰਗ ਲਈ ਸ਼ੂਟਿੰਗ ਅਕੈਡਮੀ ਪਿੰਡ ਬਾਦਲ ਤੇ ਰੋਇੰਗ ਲਈ ਪਿੰਡ ਸੋਥਾ ਨਹਿਰ ਵਿਖੇ ਟਰਾਇਲ ਲਏ ਜਾਣਗੇ। ਉਨ੍ਹਾ ਸਬੰਧਤ ਖਿਡਾਰੀਆਂ ਨੂੰ ਕਿਹਾ ਕਿ ਜਿਨ੍ਹਾਂ ਨੇ ਇਨ੍ਹਾਂ ਖੇਡਾਂ ਲਈ ਟਰਾਇਲ ਦੇਣੇ ਹੋਣ ਤਾਂ ਉਹ ਨਿਰਧਾਰਤ ਮਿਤੀਆਂ ਨੂੰ ਉਕਤ ਸਥਾਨ 'ਤੇ ਪਹੁੰਚ ਕੇ ਲਾਭ ਉਠਾ ਸਕਦੇ ਹਨ।

ਗੁਪਤਾ ਪਰਵਾਰ ਨੂੰ ਸਦਮਾ, ਮਾਤਾ ਸਵਰਗਵਾਸ

ਮਲੋਟ (ਗੁਰਮੀਤ ਸਿੰਘ ਮੱਕੜ)-ਸੀਨੀਅਰ ਪੱਤਰਕਾਰ ਸਵ. ਮਦਨ ਲਾਲ ਗੁਪਤਾ ਦੀ ਧਰਮਪਤਨੀ ਅਤੇ ਗੁਪਤਾ ਇੰਡਸਟਰੀ ਦੇ ਸੰਚਾਲਕ ਅਤੇ ਪੱਤਰਕਾਰ ਵਿਕਾਸ ਗੁਪਤਾ ਅਤੇ ਸੰਜੇ ਗੁਪਤਾ ਦੇ ਮਾਤਾ ਅਤੇ ਮੋਹਿਤ ਗੁਪਤਾ ਦੇ ਦਾਦੀ ਸ੍ਰੀਮਤੀ ਰੇਸ਼ਮਾ ਦੇਵੀ ਸਵਰਗਵਾਸ ਹੋ ਗਏ। ਉਨ੍ਹਾ ਦੀ ਮੌਤ 'ਤੇ ਨਗਰ ਕੌਂਸਲ ਦੇ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ, ਰੈਡੀਮੈਂਟ ਯੂਨੀਅਨ ਦੇ ਪ੍ਰਧਾਨ ਪਾਲੀ ਮੱਕੜ, ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਆਰ ਟੀ ਆਈ ਕਾਰਕੁੰਨ ਸੰਦੀਪ ਮਲੂਜਾ, ਜੀ ਓ ਜੀ ਦੇ ਸਾਬਕਾ ਇੰਚਾਰਜ ਹਰਪ੍ਰੀਤ ਸਿੰਘ, ਡਿਸਟੀਬਿਊਟਰ ਅਸੋਸੀਏਸ਼ਨ ਦੇ ਸਤੀਸ਼ ਗੋਇਲ, ਜੱਜ ਸ਼ਰਮਾ, ਰੋਹਿਤ ਕਾਲੜਾ, ਕਾਂਗਰਸੀ ਬਲਾਕ ਪ੍ਰਧਾਨ ਸ਼ਿਵ ਕੁਮਾਰ ਸ਼ਿਵਾ, ਉਮੇਸ਼ ਨਾਗਪਾਲ, ਭਾਜਪਾ ਦੇ ਸਾਬਕਾ ਬਲਾਕ ਪ੍ਰਧਾਨ ਜਗਦੀਸ਼ ਸ਼ਰਮਾ, ਸ਼ਿਪਾ ਗਰਗ, ਵਪਾਰ ਮੰਡਲ ਦੇ ਸੁਭਾਸ਼ ਕੱਕੜ ਆਦਿ ਧਾਰਮਕ, ਸਮਾਜਸੇਵੀ ਅਤੇ ਵਪਾਰਕ ਜਥੇਬੰਦੀਆਂ ਦੇ ਅਹੁਦੇਦਾਰਾਂ ਨੇ ਗੁਪਤਾ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਪਰਵਾਰ ਨੂੰ ਭਾਣ ਮੰਨਣ ਦਾ ਬਲ ਬਖਸ਼ੇ।

ਜੀਤ ਖੰਨੇ ਵਾਲੇ ਦਾ ਗੀਤ ਬੈਡ ਬੁਆਏ ਰਿਲੀਜ਼

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਗਾਇਕ ਜੀਤ ਖੰਨੇਵਾਲੇ ਦਾ ਸਿੰਗਲ ਟਰੈਕ ਬੈਡ ਬੁਆਏ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਗੀਤ ਨੂੰ ਐਰੰਨ ਇੰਟਰਪ੍ਰਾਈਜ਼ ਵੱਲੋਂ ਰਿਲੀਜ਼ ਕੀਤਾ ਗਿਆ ਹੈ। ਗੀਤ ਨੂੰ ਲਿਖਿਆ ਹੈ ਵਿੱਕੀ ਧਾਲੀਵਾਲ ਨੇ ਅਤੇ ਗੀਤ ਨੂੰ ਸੰਗੀਤ ਦਿੱਤਾ ਹੈ ਯਸ਼ ਐਂਏ ਨੇ। ਗੀਤ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਲਈ ਗਾਇਕ ਜੀਤ ਖੰਨੇਵਾਲੇ ਨੇ ਲੋਕਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅੱਗੇ ਤੋਂ ਵੀ ਉਹ ਸਰੋਤਿਆਂ ਲਈ ਵਧੀਆ ਸੱਭਿਆਚਾਰਕ ਗੀਤ ਲੈ ਕੇ ਆਵੇਗਾ।

ਸਰਕਾਰੀ ਲੱਕੜ ਚੋਰੀ ਕਰਨ ਦੇ ਮਾਮਲੇ 'ਚੋਂ ਬਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੀ ਅਦਾਲਤ ਨੇ ਸਰਕਾਰੀ ਲੱਕੜ ਚੋਰੀ ਕਰਨ ਦੇ ਮਾਮਲੇ ਵਿੱਚ ਪੇਸ਼ ਕਮਜ਼ੋਰ ਸਬੂਤਾਂ ਨੂੰ ਵੇਖਦੇ ਹੋਏ ਨਾਮਜ਼ਦ ਇੱਕ ਵਿਅਕਤੀ ਨੂੰ ਬਰੀ ਕੀਤਾ ਹੈ। ਜਾਣਕਾਰੀ ਅਨੁਸਾਰ ਥਾਣਾ ਆਰਿਫ਼ ਕੇ ਪੁਲਸ ਵੱਲੋਂ 26 ਮਾਰਚ 2021 ਨੂੰ ਦਰਜ ਮਾਮਲੇ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਫ਼ਿਰੋਜ਼ਪੁਰ ਨੇ ਐੱਸ ਐੱਸ ਪੀ ਫ਼ਿਰੋਜ਼ਪੁਰ ਨੂੰ ਲਿਖਤੀ ਦਰਖ਼ਾਸਤ ਵਿੱਚ ਦੱਸਿਆ ਕਿ ਗ੍ਰਾਮ ਪੰਚਾਇਤ ਮਹਾਲਮ ਦੇ ਸਫ਼ੈਦੇ ਚੋਰੀ ਕਰਕੇ ਵੇਚੇ ਗਏ ਹਨ, ਜਿਸ ਸਬੰਧੀ ਸਰਪੰਚ ਗ੍ਰਾਮ ਪੰਚਾਇਤ ਮਹਾਲਮ ਵੱਲੋਂ ਦੱਸਿਆ ਗਿਆ ਕਿ ਨਾਮਜ਼ਦ ਮੰਗਲ ਸਿੰਘ ਪੁੱਤਰ ਜੋਗਾ ਸਿੰਘ ਵੱਲੋਂ ਗ੍ਰਾਮ ਪੰਚਾਇਤ ਦੀ ਜ਼ਮੀਨ 'ਚੋਂ 50 ਸਫ਼ੈਦੇ ਦੇ ਰੁੱਖ ਗੈਰ-ਕਾਨੂੰਨੀ ਢੰਗ ਨਾਲ ਵੱਢ ਕੇ ਵੇਚ ਦਿੱਤੇ ਸਨ, ਜਿਸ ਨਾਲ ਪੰਚਾਇਤ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ ਹੈ। ਇਸ ਸਬੰਧੀ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਚਲਾਨ ਅਦਾਲਤ 'ਚ ਪੇਸ਼ ਕਰ ਦਿੱਤਾ। ਚੱਲੇ ਮਾਮਲੇ 'ਚ ਬਚਾਅ ਧਿਰ ਦੇ ਵਕੀਲ ਰਾਜਬੀਰ ਸਿੰਘ ਸਿੱਧੂ ਤੇ ਨਰਿੰਦਰ ਸਿੰਘ ਗਰੇਵਾਲ ਵੱਲੋਂ ਪੇਸ਼ ਤੱਥਾਂ ਨਾਲ ਸਹਿਮਤ ਹੁੰਦੇ ਹੋਏ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਸਟ ਕਲਾਸ ਫ਼ਿਰੋਜ਼ਪੁਰ ਮੈਡਮ ਮਨਦੀਪ ਕੌਰ ਦੀ ਅਦਾਲਤ ਨੇ ਨਾਮਜ਼ਦ ਮੰਗਲ ਸਿੰਘ ਨੂੰ ਬਰੀ ਕਰ ਦਿੱਤਾ।

ਹੈਰੋਇਨ ਸਮੇਤ ਦੋ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਐੱਸ.ਟੀ.ਐੱਫ. ਬਠਿੰਡਾ ਰੇਂਜ ਦੀ ਟੀਮ ਵੱਲੋਂ ਸ਼੍ਰੀ ਅਜੈ ਕੁਮਾਰ ਮਲੂਜਾ ਆਈ. ਪੀ. ਐੱਸ., ਡੀ.ਆਈ.ਜੀ. ਐੱਸ.ਟੀ.ਐੱਫ. ਬਠਿੰਡਾ ਦੇ ਦਿਸ਼ਾਂ ਨਿਰਦੇਸ਼ਾਂ 'ਤੇ ਏ.ਆ

17-April-PAGE-11-Majha-2023.qxd 4/16/2023 8:55 PM Page 1

ਮਾਰਕੀਟ ਕਮੇਟੀ ਦੇ ਦਫਤਰ ਅੱਗੇ ਆੜ੍ਹਤੀਆਂ ਵੱਲੋਂ ਧਰਨਾ, ਮੰਡੀ 'ਚ ਕਿਸਾਨਾਂ ਦਾ ਰੋਸ ਮਾਰਚ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹਾ ਤਰਨਤਾਰਨ ਵਿੱਚ ਅੱਜ ਤਰਨ-ਤਾਰਨ ਦੀ ਦਾਣਾ ਮੰਡੀ ਵਿੱਚ ਆੜ੍ਹਤੀਆਂ ਵੱਲੋਂ ਅਣਮਿੱਥੇ ਸਮੇਂ ਲਈ ਕਣਕ ਦੀ ਖਰੀਦ ਬੰਦ ਕਰਕੇ ਪੱਕੀ ਹੜਤਾਲ ਤੇ ਚਲੇ ਜਾਣ ਵਿਰੁੱਧ ਮਾਰਕੀਟ ਕਮੇਟੀ ਤਰਨ-ਤਾਰਨ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ।

ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ ਕਲਵਿੰਦਰ ਸਿੰਘ ਕੈਰੋਵਾਲ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ, ਬਲਜਿੰਦਰ ਸਿੰਘ ਸੇਰੋਂ ਅਤੇ ਲਖਵਿੰਦਰ ਸਿੰਘ ਪਲਾਸੌਰ ਸਰਵਣ ਸਿੰਘ ਵਲੀਪੁਰ ਨੇ ਕਿਹਾ ਕਿ ਪੰਜਾਬ ਭਰ ਵਿੱਚ ਪਹਿਲਾਂ ਦਾ ਮੀਂਹ ਨੇ ਕਿਸਾਨਾਂ ਦੀਆਂ ਫਸਲਾਂ ਦੀ ਤਬਾਹੀ ਕਰ ਦਿੱਤੀ. ਫਿਰ ਪੰਜਾਬ ਸਰਕਾਰ ਨੇ ਗਿਰਦਾਵਰੀ ਦੇ ਨਾਮ ਤੇ ਕਿਸਾਨਾਂ ਦਾ ਸ਼ੋਸ਼ਣ ਕੀਤਾ। ਜਦ ਫਸਲ ਪੱਕ ਕੇ ਤਿਆਰ ਹੋ ਗਈ ਤਾਂ ਕਿਸਾਨਾਂ ਨੇ ਫਸਲ ਮੰਡੀਆਂ ਵਿਚ ਲਿਆਉਣ ਦੀ ਤਿਆਰੀ ਕੀਤੀ ਸੀ. ਪਰ ਅੱਜ 15 ਅਪ੍ਰੈਲ ਨੂੰ ਅਖਬਾਰਾਂ ਵਿੱਚ ਆੜ੍ਹਤੀ ਫੈਡਰੇਸ਼ਨ ਦੇ ਪ੍ਰੈੱਸ ਨੋਟ ਰਾਹੀਂ ਆੜ੍ਹਤੀਏ ਵੱਲੋਂ ਤਰਨ-ਤਾਰਨ ਦੀ ਮੰਡੀ ਵਿੱਚ ਕਣਕ ਦੀ ਖਰੀਦ ਪੱਕੇ ਤੌਰ 'ਤੇ ਬੰਦ ਕਰਨ ਬਾਰੇ ਪਤਾ ਲੱਗਾ। ਆੜ੍ਹਤੀਆਂ ਨੇ ਪਿਛਲੇ ਦੋ ਸਾਲਾਂ ਤੋਂ 15 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਐਫਸੀਆਈ ਦੇ ਕੋਲੋਂ ਲੈਣੇ ਹਨ। ਆੜ੍ਹਤੀਆਂ ਅਤੇ ਐਫਸੀਆਈ ਦੇ ਰੌਲੇ ਵਿਚ ਕਿਸਾਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਦਾ ਵਫਦ ਇਸ ਹੜਤਾਲ ਬਾਰੇ ਮਾਰਕੀਟ ਕਮੇਟੀ ਸੈਕਟਰੀ ਨੂੰ ਮਿਲਿਆ ਤਾਂ ਉਹਨਾਂ ਨੇ ਕਿਹਾ ਇਸ ਬਾਰੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾ ਦਿੱਤਾ ਹੈ ਜਦ ਕਿਸਾਨ ਵਫਦ ਨੇ ਡਿਪਟੀ ਕਮਿਸਨਰ ਨਾਲ ਸੰਪਰਕ ਕੀਤਾ ਤਾਂ ਪਹਿਲਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ. ਫਿਰ ਵੱਟਸਅਪ ਰਾਹੀਂ ਡੀ ਸੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਪੱਲਾ ਝਾੜ ਦਿੱਤਾ ਕਿ ਫੂਡ ਸਪਲਾਈ ਕੰਟ੍ਰੋਲਰ ਨਾਲ ਸੰਪਰਕ ਕਰੋ. ਤਰਨ-ਤਾਰਨ ਜਿਲਾ ਪ੍ਰਸਾਸਨ ਨੇ ਮੰਡੀ ਦੀ ਇਸ ਹੜਤਾਲ ਨੂੰ ਖਤਮ ਕਰਾਉਣ ਲਈ ਕੋਈ ਚਾਰਾ ਜੋਈ ਨਾਹ ਹੁੰਦੀ ਵੇਖ ਕੇ ਕਿਸਾਨਾਂ ਨੇ ਤਰਨ-ਤਾਰਨ ਮਾਰਕੀਟ ਕਮੇਟੀ ਅੱਗੇ ਧਰਨਾ ਦਿੱਤਾ ਹੋਇਆ . ਮਾਰਕੀਟ ਕਮੇਟੀ ਅਧਿਕਾਰੀ ਆਪਣਾ ਦਫਤਰ ਛੱਡ ਕੇ ਚਲੇ ਗਏ ਕੋਈ ਵੀ ਅਧਿਕਾਰੀ. ਕਿਸਾਨਾਂ ਦੀ ਸਾਰ ਲੈਣ ਨਹੀਂ ਆਇਆ 5 ਘੰਟੇਧਰਨਾ ਚੱਲਣ ਤੋਂ ਬਾਅਦ ਜਦ ਕਿਸਾਨ ਆਗੂ ਨੇ ਆਪਣਾ ਅਗਲਾ ਐਕਸਨ ਲੈਣ ਦੀ ਤਿਆਰੀ ਕੀਤੀ.ਤਾਂ ਜਿਲ੍ਹਾ ਪ੍ਰਸਾਸਨ ਵੱਲੋਂ ਤਹਿਸੀਲਦਾਰ ਝਬਾਲ ਤਸਵੀਰ ਸਿੰਘ ਤੇ ਮਾਰਕਿਟ ਕਮੇਟੀ ਦੇ ਸੈਕਟਰੀ ਵੱਲੋਂ ਕਿਸਾਨਾਂ ਨੂੰ ਦੱਸਿਆ ਗਿਆ ਕਿ ਆੜ੍ਹਤੀ ਫੈਡਰੇਸਨ ਤਰਨ-ਤਾਰਨ ਵੱਲੋਂ ਆਪਣੀ ਅਣਮਿੱਥੇ ਸਮੇਂ ਦੀ ਹੜਤਾਲ ਵਾਪਸ ਲੈ ਲਈ ਗਈ ਤੇ ਵਿਸ਼ਵਾਸ ਦਵਾਇਆ ਕਿ ਅੱਗੇ ਤੋਂ ਕੋਈ ਪਰੇਸ਼ਾਨੀ ਨਹੀਂ ਆਵੇਗੀ ਤੇ ਕਣਕ ਦੀ ਖਰੀਦ ਨਿਰਵਿਘਨ ਤਰਨਤਾਰਨ ਮੰਡੀ ਵਿਚ ਹੋਵੇਗੀ ਤਾਂ ਕਿਸਾਨ ਜਥੇਬੰਦੀ ਨੇ ਧਰਨੇ ਦੀ ਸਮਾਪਤੀ ਕੀਤੀ।

ਇਸ ਮੌਕੇ ਦਰਸ਼ਨ ਸਿੰਘ ਅਲਾਵਲਪੁਰ ਸੁਰਮੁਖ ਸਿੰਘ ਸੇਰੋਂ, ਮੇਜਰ ਸਿੰਘ ਦੁੱਗਲਵਾਲਾ, ਸਤਨਾਮ ਸਿੰਘ ਖਾਰਾ, ਗੁਰਮੇਲ ਸਿੰਘ ਰੂੜੇਆਸਲ, ਸਤਨਾਮ ਸਿੰਘ ਚੁਤਾਲਾ, ਵੀਰ ਸਿੰਘ ਕੋਟ, ਗੁਰਬੀਰ ਸਿੰਘ ਮੀਰਪੁਰ, ਜਸਵੀਰ ਸਿੰਘ ਨਿੱਕਾ ਕੋਟ, ਜਰਨੈਲ ਸਿੰਘ ਕਾਜੀਕੋਟ, ਗਸ਼ਪਾਲ ਸਿੰਘ ਠਰੂ, ਬਲਜੀਤ ਸਿੰਘ ਬੇਗਮਪੁਰ, ਅਮਰੀਕ ਸਿੰਘ ਬਘੇਲ ਸਿੰਘਵਾਲਾ , ਸੁਖਦੇਵ ਸਿੰਘ ਸਹਾਬਪੁਰ ਅਤੇ ਅਵਤਾਰ ਸਿੰਘ ਡਿਆਲ ਹਾਜ਼ਰ ਸਨ।

'ਇਕ ਮਈ' ਦੀਆਂ ਤਿਆਰੀਆਂ ਸਬੰਧੀ ਯੂਨੀਅਨ ਆਗੂਆਂ ਵੱਲੋਂ ਮੀਟਿੰਗ ਆਯੋਜਿਤ

ਬਟਾਲਾ (ਤਰਲੋਕ ਬੱਗਾ)-ਵੱਖ-ਵੱਖ ਟਰੇਡ ਯੂਨੀਅਨਾਂ ਏਕਟੂ, ਸੀਟੂ, ਸੀਟੀਯੂ ਪੰਜਾਬ ਅਤੇ ਏਟਕ ਦੇ ਆਗੂਆਂ ਨੇ ਪਹਿਲੀ ਮਈ ਮਨਾਉਣ ਦੀ ਤਿਆਰੀ ਦੇ ਸਬੰਧ ਵਿੱਚ ਫੈਜ਼ਪੁਰਾ ਰੋਡ ਏਕਟੂ ਦਫਤਰ ਵਿੱਚ ਮੀਟਿੰਗ ਗੁਲਜ਼ਾਰ ਸਿੰਘ ਭੁੰਬਲੀ ਦੀ ਪ੍ਰਧਾਨਗੀ ਹੇਠ ਕੀਤੀ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਦਸਦਿਆਂ ਕਾਮਰੇਡ ਰਣਬੀਰ ਸਿੰਘ ਵਿਰਕ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਜਰਨੈਲ ਸਿੰਘ ਅਤੇ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਪਹਿਲੀ ਮਈ 2023 ਉਸ ਸਮੇਂ ਆ ਰਹੀ ਹੈ ਜਿਸ ਸਮੇਂ ਸੰਵਿਧਾਨ ਵਿੱਚ ਲੋਕਾਂ ਨੂੰ ਪ੍ਰਾਪਤ ਜਮਹੂਰੀ ਅਧਿਕਾਰਾਂ ਨੂੰ ਮੋਦੀ ਸਰਕਾਰ ਦੇ ਫਾਸ਼ੀਵਾਦ ਤੋਂ ਭਿਅੰਕਰ ਖਤਰਾ ਖੜ੍ਹਾ ਹੋ ਗਿਆ ਹੈ। ਦੇਸ਼ ਦੀਆਂ ਅਜ਼ਾਦ ਸੰਸਥਾਵਾਂ ਚੋਣ ਕਮਿਸ਼ਨ, ਈਡੀ, ਸੀਬੀਆਈ, ਐਨਆਈਏ ਅਤੇ ਨਿਆਂਪਾਲਿਕਾ ਦੇ ਇੱਕ ਹਿੱਸੇ ਨੂੰ ਮੋਦੀ ਸਰਕਾਰ ਆਪਣੇ ਰਾਜਨੀਤਕ ਵਿਰੋਧੀਆਂ ਖਿਲਾਫ ਵਰਤ ਰਹੀ ਹੈ, ਦੇਸ਼ ਵਿਚ ਅਣਘੋਸ਼ਿਤ ਆਪਾਤਕਾਲ ਵਰਗੇ ਹਾਲਾਤ ਹਨ, ਪੰਜਾਬ ਦੇ ਹਾਲਾਤ ਖਰਾਬ ਕਰਨ ਲਈ ਭਗਵੰਤ ਮਾਨ ਸਰਕਾਰ ਨਾਲ ਮਿਲ ਕੇ ਕੇਂਦਰੀ ਏਜੰਸੀਆਂ ਪੰਜਾਬ ਵਿੱਚ ਖਾਲਿਸਤਾਨ ਬਣਨ ਦਾ ਭੈ ਸਾਰੇ ਦੇ ਵਿੱਚ ਫੈਲਾ ਰਹੀਆਂ ਹਨ ਜਦੋਂ ਕਿ ਦੋਵੇਂ ਸਰਕਾਰਾਂ ਜਨਤਾ ਦੀਆਂ ਜ਼ਰੂਰੀ ਸਮਸਿਆਵਾਂ ਦੇ ਹੱਲ ਵੱਲ ਕੋਈ ਧਿਆਨ ਨਹੀਂ ਦੇ ਰਹੀਆਂ, ਪਿੰਡਾਂ ਦੇ ਲੋਕਾਂ ਦਾ ਇੱਕੋ ਇੱਕ ਰੋਜ਼ਗਾਰ ਮਨਰੇਗਾ ਦਾ ਬਜਟ ਘਟਾ ਦਿੱਤਾ ਗਿਆ ਹੈ, ਮਨਰੇਗਾ ਦੇ ਕੰਮ ਵਿੱਚ ਵਡੇ ਪੱਧਰ ਤੇ ਫੈਲੇ ਭ੍ਰਿਸ਼ਟਾਚਾਰ ਕਾਰਨ ਆਮ ਲੋਕਾਂ ਤੱਕ ਕੋਈ ਪੈਸਾ ਨਹੀਂ ਪਹੁੰਚ ਰਿਹਾ, ਵਡੇ ਪੱਧਰ ਤੇ ਗਰੀਬ ਲੋਕਾਂ ਦੇ ਰਾਸਨ ਕਾਰਡ ਕੱਟ ਦਿੱਤੇ ਗਏ ਹਨ, ਮਾਨ ਸਰਕਾਰ ਬਾਲਗ ਔਰਤਾਂ ਨੂੰ 1000 ਰੁਪਏ ਮਹੀਨਾ ਭੱਤਾ ਦੇਣ ਸਮੇਤ ਹੋਰ ਗਰੰਟੀਆਂ ਨੂੰ ਇਸ ਲਾਗੂ ਕਰਨ ਤੋਂ ਭੱਜ ਰਹੀ ਹੈ।

ਆਗੂਆਂ ਕਿਹਾ ਕਿ ਪਹਿਲੀ ਮਈ ਦਿਵਸ ਉਪਰ ਜਨਤਾ ਦੇ ਇਹ ਮੁੱਦੇ ਚੁੱਕੇ ਜਾਣਗੇ। ਮੀਟਿੰਗ ਵਿੱਚ ਅਮਰਜੀਤ ਰਿਖੀਆ, ਜਨਕ ਰਾਜ, ਮੋਹਨ ਲਾਲ, ਅਨੂਪ ਸਿੰਘ ਅਤੇ ਬਲਵਿੰਦਰ ਮਿਸਰਪੁਰਾ ਸ਼ਾਮਲ ਸਨ।

ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ 'ਚ ਪਈਆਂ ਵਿਸਾਖੀ ਦੀਆਂ ਧਮਾਲਾਂ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਇੱਕ ਸ਼ਾਨਦਾਰ ਫੰਕਸ਼ਨ ਕੀਤਾ ਗਿਆ । ਵਿਸਾਖੀ ਦੇ ਸੰਬੰਧ ਵਿੱਚ ਸਾਰੇ ਹੀ ਬੱਚਿਆਂ ਅਤੇ ਸਟਾਫ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਰੰਗ ਬਿਰੰਗੇ ਕੁੜਤੇ ਪਜਾਮੇ, ਅਤੇ ਪੰਜਾਬੀ ਸੂਟ ਪਾਏ ਹੋਏ ਸਨ ।ਸਕੂਲ ਦੇ ਸਾਨਦਾਰ ਆਡੋਟੋਰੀਅਮ ਵਿੱਚ ਬੱਚਿਆਂ ਦੇ ਹਾਊਸ ਵਾਈਸ ਗੁਰੱਪ ਡਾਂਸ (ਜਮਾਤ ਤੀਜੀ ਤੋਂ ਪੰਜਵੀਂ) ਅਤੇ ਗਰੁੱਪ ਲੋਕ ਗੀਤ (ਜਮਾਤ ਛੇਵੀਂ ਤੋਂ ਅੱਠਵੀਂ) ਦੇ ਮੁਕਾਬਲੇ ਕਰਵਾਏ ਗਏ । ਬੱਚਿਆਂ ਨੇ ਪੰਜਾਬੀ ਸੱਭਿਆਚਾਰ ਬਾਲ ਸੰਬੰਧਿਤ ਗੀਤ ਅਤੇ ਭੰਗੜੇ ਪਾਏ । ਸਾਰਾ ਹੀ ਮਾਹੌਲ ਵਿਸਾਖੀ ਦੇ ਰੰਗ ਵਿੱਚ ਰੰਗਿਆ ਗਿਆ। ਇਨਾਂ ਮੁਕਾਬਲਿਆਂ ਵਿੱਚ ਗਰੁੱਪ ਲੋਕ ਗੀਤ ਮੁਕਾਬਲਿਆਂ ਵਿਚੋਂ ਰੋਜ਼ ਹਾਊਸ 'ਬਾਜਰੇ ਦਾ ਸਿੱਟਾ' ਨੇ ਪਹਿਲਾ ਸਥਾਨ, ਪੈਂਸੀ ਹਾਊਸ 'ਨੀ ਮੈਂ ਤੇਰੇ ਨਾਲੋਂ ਸੋਹਣਾ' ਦੂਜਾ ਸਥਾਨ ਅਤੇ ਲੋਟਸ ਹਾਊਸ 'ਬੱਲੀਏ ਵਿਸਾਖੀ ਆ ਗਈ' ਨੇ ਤੀਜਾ ਸਥਾਨ ਹਾਸਿਲ ਕੀਤਾ । ਇਸੇ ਤਰ੍ਹਾਂ ਹੀ ਗਰੁੱਪ ਡਾਂਸ ਮੁਕਾਬਲਿਆਂ ਵਿਚੋਂ ਰੋਜ਼ ਹਾਊਸ 'ਜੁੱਤੀ ਕਸੂਰੀ, ਪੈਰੀਂ ਨਾ ਪੂਰੀ' ਪਹਿਲਾ ਸਥਾਨ, ਲੋਟਸ ਹਾਊਸ 'ਸਰਦਾਰ ਜੀ' ਨੇ ਦੂਜਾ ਸਥਾਨ ਅਤੇ ਡੇਜ਼ੀ ਹਾਊਸ 'ਮਾਰ ਦਾ ਦਮਾਮੇ ਜੱਟ ਮੇਲੇ ਆ ਗਿਆ' ਨੇ ਤੀਜਾ ਸਥਾਨ ਹਾਸਿਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਸਾਰੇ ਫੰਕਸ਼ਨ ਵਿੱਚ ਜੱਜਮੈਂਟ ਦੀ ਭੂਮਿਕਾ ਸਿਮਰਤਪਾਲ ਸਿੰਘ ਬੇਦੀ ਅਤੇ ਨੀਲਾਕਸੀ ਗੁਪਤਾ ਨੇ ਬਾਖੂਬੀ ਨਿਭਾਈ ।

ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਡਾ. ਮੰਗਲ ਸਿਘ ਕਿਸਨਪੁਰੀ ਜੀ ਨੇ ਕਿਹਾ ਕਿ ਵਿਸਾਖੀ ਦਾ ਤਿਉਹਾਰ ਪੰਜਾਬੀਆਂ ਵਿੱਚ ਖਾਸ ਮਹੱਤਵ ਰੱਖਦਾ ਹੈ ਜਿੱਥੇ ਇਸ ਦਿਨ ਕਣਕਾਂ ਦੇ ਪੱਕਣ ਦੀ ਖੁਸੀ ਮਨਾਈ ਜਾਂਦੀ ਹੈ ਉਥੇ ਹੀ ਅੱਜ ਦੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਖਾਲਸਾ ਪੰਥ ਸਾਜਿਆ। ਉਨ੍ਹਾਂ ਨੇ ਸਾਰਿਆਂ ਨੂੰ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਤੇ ਸਕੂਲ ਦੇ ਪ੍ਰਿੰ. ਅਮਰਪ੍ਰੀਤ ਕੌਰ, ਵਾਇਸ ਪ੍ਰਿੰ. ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

ਡਾ. ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਹਾੜਾ ਮਨਾਇਆ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਨਰੇਗਾ ਵਰਕਰਜ਼ ਯੂਨੀਅਨ ਦੇ ਆਗੂਆਂ, ਵਰਕਰਾਂ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਹਾੜਾ ਜ਼ਿਲ੍ਹਾ ਪ੍ਰਧਾਨ ਹੀਰਾ ਸਿੰਘ ਕੋਟਲਾ ਦੀ ਅਗਵਾਈ 'ਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹੀਰਾ ਸਿੰਘ ਕੋਟਲਾ ਨੇ ਇਕੱਤਰ ਮਜ਼ਦੂਰਾਂ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਫਲਸਫ਼ੇ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਸਮੁੱਚੇ ਦੇਸ਼ ਦੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਬਦੌਲਤ ਹੀ ਜਾਤੀ ਵਿਤਕਰੇ ਤੋਂ ਮੁਕਤੀ ਮਿਲਣ ਦੇ ਨਾਲ-ਨਾਲ ਕੰਮ ਕਰਨ ਲਈ ਨਿਸ਼ਚਿਤ ਸਮਾਂ ਤੇ ਉਸ ਹਿਸਾਬ ਨਾਲ ਮਿਹਨਤਾਨਾ ਦੇਣ ਬਾਰੇ ਕਾਨੂੰਨਾਂ ਦੀ ਵਿਵਸਥਾ ਕਾਇਮ ਹੋ ਸਕੀ ਹੈ। ਇਸ ਮੌਕੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਮੱਖਣਵਿੰਡੀ, ਬਲਾਕ ਪ੍ਰਧਾਨ ਬੀਬੀ ਜਗੀਰ ਕੌਰ ਸਾਰੰਗੜਾ, ਬਲਾਕ ਪ੍ਰਧਾਨ ਅਨੂਪ ਸਿੰਘ ਮੈਣੀਆਂ ਲੁਹਾਰਾਂ, ਇਕਾਈ ਮਹਿਲਾ ਆਗੂ ਰਣਜੀਤ ਕੌਰ, ਮਨਜੀਤ ਕੌਰ, ਸੋਨੂੰ ਸਾਰੰਗੜਾ, ਰਾਜ ਕੌਰ ਅਤੇ ਰਣਜੀਤ ਕੌਰ ਆਦਿ ਹਾਜ਼ਰ ਸਨ।

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਦਿਨ ਬੜੀ ਸ਼ਰਧਾ ਭਾਵਨਾ ਨਾਲ ਪਿੰਡ ਪਨਿਆੜ ਵਿੱਚ ਸ਼ਿਵਬੀਰ ਸਿੰਘ ਬੋਪਾਰਾਏ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਲੀਲਾ ਦੇਵੀ ਦੇ ਗ੍ਰਹਿ ਵਿਖੇ ਸੈਪੀ ਸੋਹਲ ਮੰਡਲ ਪ੍ਰਧਾਨ ਦੀ ਅਗਵਾਈ ਵਿੱਚ ਮਨਾਇਆ ਗਿਆ ਜਿਸ ਵਿਚ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਗੁਰਦਾਸਪੁਰ ਯਸ਼ਪਾਲ ਕੁੰਡਲ ਅਤੇ ਓਬੀਸੀ ਮੋਰਚਾ ਦੇ ਪੰਜਾਬ ਪ੍ਰਧਾਨ ਰਜਿੰਦਰ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

ਇਸ ਮੌਕੇ ਯਸ਼ਪਾਲ ਕੁੰਡਲ ਨੇ ਵਿਸਥਾਰਪੂਰਵਕ ਬਾਬਾ ਸਾਹਿਬ ਦੇ ਜੀਵਨ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਵਲੋਂ ਭਾਰਤ ਨੂੰ ਜੋ ਸੰਵਿਧਾਨ ਦਿੱਤਾ ਗਿਆ ਇਹ ਰਹਿੰਦੀ ਦੁਨੀਆਂ ਤੱਕ ਕਾਇਮ ਰਹੇਗਾ। ਇਸ ਸੰਵਿਧਾਨ ਵਿਚ ਸਮਾਜ ਨੂੰ ਸੇਧ ਦੇ ਕੇ ਸਮਾਜ ਦਾ ਪੱਧਰ ਉਚਾ ਚੁੱਕਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬਾਬਾ ਸਾਹਿਬ ਦੀਆਂ ਜੀਵਨ ਨਾਲ ਸਬੰਧਤ ਪੰਜ ਨਿਸ਼ਾਨੀਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਤਿਆਰ ਕਰਵਾ ਕੇ ਸਮਾਜ ਨੂੰ ਸਮਰਪਿਤ ਕੀਤੀਆਂ ਗਈਆਂ ਹਨ ਜੋ ਲੰਮੇ ਸਮੇਂ ਤੋਂ ਪਿਛਲੀਆਂ ਸਰਕਾਰਾਂ ਨਹੀਂ ਕਰਵਾ ਸਕੀਆਂ।

ਕੁੰਡਲ ਨੇ ਆਏ ਭਾਜਪਾ ਵਰਕਰਾਂ ਦਾ ਧੰਨਵਾਦ ਵੀ ਕੀਤਾ ਅਤੇ ਬਾਬਾ ਸਾਹਿਬ ਨੂੰ ਫੁੱਲ ਭੇਟ ਕਰਦੇ ਹੋਏ ਲੋਕਾਂ ਨੂੰ ਬਾਬਾ ਸਾਹਿਬ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਅਪੀਲ ਵੀ ਕੀਤੀ ਅਤੇ ਸਮਾਜ ਨੂੰ ਸੰਗਠਤ ਹੋਣ ਦੀ ਨਸੀਹਤ ਵੀ ਦਿੱਤੀ। ਇਸ ਮੌਕੇ ਉਮੇਸ਼ਵਰ, ਕਸ਼ਮੀਰ ਸਿੰਘ, ਰਾਜਨ ਕੁਮਾਰ, ਮੋਹਨ ਲਾਲ, ਤਰਸੇਮ ਲਾਲ, ਚਰਨ ਦਾਸ, ਸੁਮਨ ਬਾਲਾ, ਏਕਤਾ, ਸੁਸ਼ਮਾ, ਜਸਵਿੰਦਰ, ਅਨੀਤਾ, ਰਿਤੂ, ਸੁਨੀਤਾ, ਵੀਨਾ ਅਤੇ ਡਿੰਪਲ ਹਾਜ਼ਰ ਸਨ।

ਪੱਤਰਕਾਰ ਰਾਕੇਸ਼ ਬਾਵਾ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ

ਚੋਹਲਾ ਸਾਹਿਬ (ਰਮਨ ਚੱਢਾ)-ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਪੰਜਾਬੀ ਅਖਬਾਰ ਦੇ ਸੀਨੀਅਰ ਪੱਤਰਕਾਰ ਅਤੇ ਚੰਡੀਗੜ੍ਹ ਪੰਜਾਬ ਯੂਨੀਅਨ ਆਫ ਜਰਨਲਿਸਟਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਾਕੇਸ਼ ਬਾਵਾ ਦੀ ਦਾ ਅਚਾਨਕ ਦਿਹਾਂਤ ਹੋ ਗਿਆ ਸੀ ਜਿਸ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਸੀ।

ਮਾਰਕੀਟ ਕਮੇਟੀ ਨੌਸ਼ਹਿਰਾ ਪੰਨੂਆਂ ਦੇ ਚੇਅਰਮੈਨ ਸ਼ੁਬੇਗ ਸਿੰਘ ਧੁੰਨ, ਨੰਬਰਦਾਰ ਤਰਸੇਮ ਸਿੰਘ ਅਲਾਦੀਨਪੁਰ,ਅਮਰੀਕ ਸਿੰਘ ਗਲਾਲੀਪੁਰ, ਸਰਪੰਚ ਮੋਹਨ ਸਿੰਘ ਕੰਬੋ ਢਾਏ ਵਾਲਾ, ਸੁਰਜੀਤ ਸਿੰਘ ਧੁੰਨ, ਬਲਵਿੰਦਰ ਸਿੰਘ ਆਦਿ ਨੇ ਪੱਤਰਕਾਰ ਰਾਕੇਸ਼ ਬਾਵਾ ਦੇ ਪਰਿਵਾਰਕ ਮੈਂਬਰ ਪਿਤਾ ਰਿਟਾ: ਬੀ. ਡੀ. ਪੀ. ਓ. ਬਲਦੇਵ ਰਾਜ, ਐਕਸੀਅਨ

17-April-PAGE-8.qxd 4/16/2023 9:22 PM Page 2

ਖਾਲਸੇ ਦੇ ਸਾਜਨਾ ਦਿਵਸ, ਵਿਸਾਖੀ ਨੂੰ ਸਮਰਪਿਤ ਪੱਤਰਕਾਰ ਨਛੱਤਰ ਸਿੰਘ ਸੰਧੂ ਵੱਲੋਂ ਸਪਲੀਮੈਂਟ

ਰਣਜੀਤ ਸਿੰਘ ਚਕਰ ਵਿਦਿਆਰਥੀ | ਸੁਖਦੇਵ ਸਿੰਘ ਬਰਾੜ ਸਰਪੰਚ ਪੱਤੋਹੀਰਾ ਸਿੰਘ | ਛਿੰਦਰਪਾਲ ਸਿੰਘ ਸਾਬਕਾ ਸਰਪੰਚ ਰਣਸੀਂਹ ਖੁਰਦ | ਸੁਭਮ ਸਿੰਗਲਾ ਦੇਵੀ ਚੰਦ ਐਂਡ ਸੰਨਜ (N.S.W) | ਰਾਜੇਸ਼ ਕੁਮਾਰ ਸੋਨਾ ਪ੍ਰਧਾਨ ਆਰਤੀਆ ਐਸੋ. ਹਠੂਰ | ਗੁਰਮੁੱਖ ਸਿੰਘ ਮਾਣੂਕੇ ਸਰਪੰਚ, ਸਮਾਜ ਸੇਵੀ | ਸੁਭਾਸ਼ ਪਲਤਾ ਚੇਅਰਮੈਨ ਹੋਲੀ ਹਾਰਟ | ਰਘੁਨਾਥ ਬਾਂਸਲ ਬੱਧਨੀਕਲਾਂ | ਰਣਜੀਤ ਸਿੰਘ ਪ੍ਰਧਾਨ ਸਹਿਕਾਰੀ ਸਭਾ ਡਾਲਾ | ਨਛੱਤਰ ਸਿੰਘ ਸੈਕਟਰੀ ਸਹਿਕਾਰੀ ਸਭਾ ਡਾਲਾ | ਬਰਜਿੰਦਰ ਸਿੰਘ ਲੱਖਾ ਸੈਕਟਰੀ | ਡਾ. ਹਰਗੁਰਪ੍ਰਤਾਪ ਸਿੰਘ ਦੀਪ ਹਸਪਤਾਲ, ਨਿਹਾਲਸਿੰਘ ਵਾਲਾ | ਸੰਦੀਪ ਸਿੰਘ ਮਾਈ ਦੋਆਇਸ ਨਿਹਾਲਸਿੰਘ ਵਾਲਾ

ਐਸ ਆਰ ਕਲੇਰ ਸਾਬਕਾ ਵਿਧਾਇਕ | ਬਲਦੇਵ ਸਿੰਘ ਮਾਣੂਕੇ ਪ੍ਰਧਾਨ ਟਰੱਕ ਯੂਨੀਅਨ ਹਠੂਰ | ਕੁਲਦੀਪ ਮਿੱਠੂ ਮਾਣੂਕੇ ਯੂਥ ਆਗੂ ਆਪ | ਜਗਤਾਰ ਸਿੰਘ ਬੁੱਟਰ ਯੂਥ ਆਗੂ ਆਪ | ਕਰਮਜੀਤ ਸਿੰਘ ਡੱਲਾ ਯੂਥ ਆਗੂ ਆਪ | ਬਾਵਾ ਗਿੱਲ ਰਾਏਕੋਟ ਸਮਾਜ ਸੇਵੀ | ਪਾਲਾ ਸਵਰੇਪ ਸਟੋਰ ਰਾਏਕੋਟ | ਪ੍ਰਭ ਡੱਲਾ ਸ੍ਰੀ ਰਾਮ ਕਾਲਜ ਡੱਲਾ | ਸੂਬੇਦਾਰ ਦੇਵੀ ਚੰਦ ਸ਼ਰਮਾ ਚੇਅਰਮੈਨ ਸ੍ਰੀ ਰਾਮ ਕਾਲਜ ਡੱਲਾ | ਰਜਤ ਅਰੋੜਾ ਪੈਟਰੋਲ ਪੰਪ ਵਾਲੇ ਜਗਰਾਓਂ | ਅਮਰਜੀਤ ਸਿੰਘ ਪ੍ਰਧਾਨ ਕਾਉਂਕੇ ਕਲਾਂ | ਸਖਮੰਦਰ ਸਿੰਘ ਪਿੰਡ ਮੱਦੋਕੇ | ਸਤੀਸ਼ ਬਾਂਸਲ ਪ੍ਰਧਾਨ ਜਗਰਾਓਂ ਫਰਨੀਚਰਵੇਅਰ ਐਸੋ.

ਧੰਨਵਾਦ

ਨਛੱਤਰ ਸੰਧੂ — ਸਟਾਫ ਰਿਪੋਰਟਰ ਨਵਾਂ ਜ਼ਮਾਨਾ

ਗੁਰਮੀਤ ਸਿੰਘ — ਕੰਪਿਊਟਰ ਅਪਰੇਟਰ

ਸਪਲੀਮੈਂਟ ਦੇਣ ਵਾਲੇ ਸਾਰੇ ਸੱਜਣਾਂ ਦਾ ਧੰਨਵਾਦ।

ਮੋਬਾ. 98151-18229, 95010-18229

ਜ਼ਿਲ੍ਹਾ ਲੁਧਿਆਣਾ ਦੀ ਨਾਮਵਰ ਵਿਦਿਅਕ ਸੰਸਥਾ

ਭਾਈ ਦਾਨ ਸਿੰਘ ਪਬਲਿਕ ਸੀਨੀਅਰ ਸੰਕੈਡਰੀ ਸਕੂਲ, ਪਿੰਡ ਮਾਣੂੰਕੇ (ਲੁਧਿਆਣਾ)

ਵਿਸ਼ੇਸ਼ਤਾਵਾਂ

1. ਗਿਆਰਵੀਂ ਅਤੇ ਬਾਰਵੀਂ ਸ੍ਰੇਣੀ ਲਈ ਮੈਡੀਕਲ, ਨਾਨ ਮੈਡੀਕਲ, ਕਾਮਰਸ ਅਤੇ ਹਿਊਮੈਨਿਟੀਜ਼ ਗਰੁੱਪ ਕਾਮਯਾਬੀ ਨਾਲ ਚੱਲ ਰਿਹਾ ਹੈ।
2. ਨਰਸਰੀ ਤੋਂ ਬਾਰਵੀਂ ਤੱਕ ਮਿਆਰੀ ਸਿੱਖਿਆ ਦੇਣ ਦਾ ਝੰਡਾ ਬਰਦਾਰ ਹੈ।
3. ਇਸ ਸਕੂਲ ਤੋਂ ਸਿੱਖਿਆ ਪ੍ਰਾਪਤ ਕਰਕੇ ਆਈਲੈਟਸ ਦੇ ਅਧਾਰ 'ਤੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਚੁੱਕੇ ਹਨ।

ਦਾਖਲਾ ਸ਼ੁਰੂ

E-mail : schoolbds@gmail.com/ph 98760+08238, 98760-50238
www.dansinghschool.com

ਸ: ਗੁਰਮੁੱਖ ਸਿੰਘ ਸੰਧੂ ਮਾਣੂੰਕੇ
ਸਰਪੰਚ ਤੇ ਡਾਇਰੈਕਟਰ

ਅਜੀਤਵਾਲ ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ

ਹੋਲੀ ਹਾਰਟ ਸਕੂਲ, ਅਜੀਤਵਾਲ (ਮੋਗਾ)

2023-2024 ਲਈ ਦਾਖ਼ਲਾ ਸ਼ੁਰੂ

ਸੁਭਾਸ਼ ਪਲਤਾ
ਚੇਅਰਮੈਨ

- ਪ੍ਰੀਨਰਸਰੀ ਅਤੇ ਐਲ ਕੇ ਜੀ ਲਈ ਫਰੀ ਬੱਸ ਸਰਵਿਸ
- ਪੜ੍ਹਾਈ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਲਈ ਫੀਸਾਂ ਵਿੱਚ ਭਾਰੀ ਛੋਟ।
- ਸਾਰਾ ਸਕੂਲ Wi-Fi with CCTV ਕੈਮਰੇ ਵਿੱਚ
- ਨਵੀਆਂ ਲੈਬਜ਼ ਜਿਵੇਂ ਮੈਥ, ਸਾਇੰਸ, ਕੰਪਿਊਟਰ, ਐਸ ਐਸ ਲਾਇਬ੍ਰੇਰੀ।
- ਸਮਾਰਟ ਕਲਾਸ ਰੂਮ, ਪੂਰੀ ਤਰ੍ਹਾਂ ਏ ਸੀ।
- ਯੋਗ ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼

ਖੇਡਾਂ : ਕ੍ਰਿਕਟ ਅਕੈਡਮੀ, ਫੁੱਟਬਾਲ, ਵਾਲੀਬਾਲ, ਬਾਸਕਿਟਬਾਲ, ਬੈਡਮਿੰਟਨ, ਜੂਡੋ ਕਰਾਟੇ, ਸਕੈਟਿੰਗ, ਛੋਟੇ ਬੱਚਿਆਂ ਲਈ ਵਾਲ ਕਲਾਇਬਿੰਗ

ਸੰਪਰਕ : 94168-95855, 73470-94755,78519-78519

BS Global Immigration

LICENCE NO. 79
MD Sanjeev Verma
STUDY IN AUSTRALIA 6 BAND
ਸਾਰੇ ਪੈਸੇ ਵੀਜ਼ਾ ਲੱਗਣ ਤੋਂ ਬਾਅਦ
NEAR DR. HARI SINGH HOSPITAL, JAGRAON (PB)
M. 98145-91313, 95016-12777

ਐਸ. ਜੀ. ਜੀ. ਸੀਨੀਅਰ ਸੈਕੰਡਰੀ ਸਕੂਲ

ਅੰਗਰੇਜ਼ੀ ਮਾਧਿਅਮ ਸਕੂਲ
ਪ੍ਰੀ-ਨਰਸਰੀ ਤੋਂ ਬਾਰ੍ਹਵੀਂ ਤੱਕ ਦਾਖ਼ਲਾ ਸ਼ੁਰੂ ਹੈ।
(ਮੈਡੀਕਲ, ਨੌਨ-ਮੈਡੀਕਲ, ਕੌਮਰਸ, ਆਰਟਸ)
ਕਲਾਸ ਨਰਸਰੀ ਤੋਂ ਚੌਥੀ ਤੱਕ ਕਿਤਾਬਾਂ ਫ਼ਰੀ
ਦਾਖ਼ਲਾ ਫ਼ੀਸ ਨਹੀ ਲੱਗੇਗੀ
RECEPTION:- 8727-853-853 90414-51425
ਲੁਧਿਆਣਾ ਰੋਡ, ਗੋਂਦਵਾਲ (ਰਾਏਕੋਟ), ਜ਼ਿਲ੍ਹਾ ਲੁਧਿਆਣਾ (ਪੰਜਾਬ) 141109

ਲਾਈਫ ਕੇਅਰ ਹਸਪਤਾਲ ਰਾਏਕੋਟ ਵਿਖੇ

ਦੋਨੋਂ ਗੋਡੇ ਬਦਲਾਓ
ਸਿਰਫ਼ 1 ਲੱਖ 69 ਹਜ਼ਾਰ ਵਿੱਚ
ਨੋਟ: ਇਸ ਤੋਂ ਇਲਾਵਾ ਕੋਈ ਲੁਕਵਾਂ ਖਰਚਾ ਨਹੀਂ।
ਇੰਪੋਰਟਡ ਗੋਡੇ
ਗੋਡਿਆਂ ਦੇ 5000 ਮਰੀਜ਼ਾਂ ਦੇ ਸਫ਼ਲ ਆਪਰੇਸ਼ਨ ਕਰਨ ਵਾਲੀ ਮਾਹਿਰ ਡਾਕਟਰਾਂ ਦੀ ਟੀਮ ਦੁਆਰਾ ਆਪਰੇਸ਼ਨ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜਾਂ ਮਿਲੋ।
ਡਾ. ਵਿਕਾਸ ਮਹੰਤ (ਹੱਡੀਆਂ ਦੇ ਮਾਹਿਰ) M. 99140-64147

ADMISSION OPEN

GHG COLLEGES & BANSAL HOSPITAL, RAIKOT, (LUDHIANA).ESTD. 1997

COLLEGE OF NURSING OFFERS
A.N.M, G.N.M, B.Sc. (N) ,M.Sc. (N) ,
Post Basic B.Sc. (N)

PHARMACY & POLYTECHNIC COLLEGE OFFERS
D.Pharmacy (Allopathy),
D. Pharmacy (Ayurvedic)
Civil Engg. , Computer Engg,
Mechanical Engg.

ONE YEAR COURSES
NANNY, O.T ATTENDANT,
NANNY & HOSP. ATTENDANT,
EMERGENY AMBULANCE ATTENDANT

COLLEGE OF EDUCATION OFFERS
B. Ed., E.T.T

CONTACT No. 98141-11999, 89688-99408, 7529805808

ਗਿੱਲ ਟਰੇਡਿੰਗ ਕੰਪਨੀ

ਇੱਥੇ ਹਰ ਪ੍ਰਕਾਰ ਦੀਆਂ ਕੀਟਨਾਸ਼ਕ ਦਵਾਈਆਂ, ਖਾਦਾਂ ਅਤੇ ਵਧੀਆ ਕੁਆਲਟੀ ਦੇ ਬੀਜ਼ ਮਿਲਦੇ ਹਨ।
ਪਿੰਡ ਲੋਪੋ, ਜ਼ਿਲ੍ਹਾ ਮੋਗਾ
ਅਮਨਦੀਪ ਸਿੰਘ ਪੰਚ
ਸੰਪਰਕ : 95047-00096

ਖਾਲਸਾ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਦੇਸ਼ ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ- ਲੱਖ ਵਧਾਈਆਂ

ਹਰਭਪਿੰਦਰ ਸਿੰਘ ਲਾਡੀ

ਸਾਬਕਾ ਸਰਪੰਚ, ਜ਼ਿਲ੍ਹਾ ਪ੍ਰੀਸ਼ਦ ਮੈਂਬਰ
ਪਿੰਡ ਬੁੱਟਰ ਕਲਾਂ, ਮੋਗਾ

ਬਲਜੀਤ ਸਿੰਘ ਗਰੇਵਾਲ ਸੂਬਾ ਕਮੇਟੀ ਮੈਂਬਰ | ਹਰਿੰਦਰਪ੍ਰੀਤ ਸਿੰਘ ਹਨੀ ਸੂਬਾ ਕਮੇਟੀ ਮੈਂਬਰ | ਮਾ. ਮੁਖਤਿਆਰ ਸਿੰਘ ਜਲਾਲਦੀਵਾਲ | ਮਾ. ਫਕੀਰ ਚੰਦ ਦੌਧਾਰਾਣੀ | ਰਣਧੀਰ ਸਿੰਘ ਢੋਸੀ ਤਹਿਸੀਲ ਪ੍ਰਧਾਨ | ਹਰਪਾਲ ਸਿੰਘ ਭੈਣੀ ਦਰੜਾਂ | ਪਰਮਿੰਦਰ ਸਿੰਘ ਪਿੰਟੂ ਗਰੇਵਾਲ | ਮਾ. ਸ਼ਿਆਮ ਸਿੰਘ ਭੈਣੀ ਰੋੜਾਂ

ਕੁੱਲ ਹਿੰਦ ਕਿਸਾਨ ਸਭਾ (ਤਹਿਸੀਲ ਰਾਏਕੋਟ)

SGGS SCHOOL

CHAKAR ROAD, LOPON
is collaborated with BODHI INTERNATIONAL SCHOOL

SOUTH INDIAN STAFF
ADMISSION OPEN
For The Session 2021-22
Affordable fee, Best Child Care
Well Experienced Staff
AC & SMART CLASS ROOMS
CONTACT 98551-79049 75089-92851 78883-81500
MANAGED BY BODHI GROUP OF EDUCATION
CONTACT: 85570-46061

SAVERA Electro-Homeopathic Allergy Hospital

VPO. Dala (Moga)
ਐਲਰਜੀ ਦਾ ਪੱਕਾ ਇਲਾਜ
ਪੁਰਾਣਾ ਨਜ਼ਲਾ/ਜੁਕਾਮ, ਛਿੱਕਾਂ ਅਸਥਮਾ (ਸਾਹ ਦਮਾਂ) ਫੂਡ ਐਲਰਜੀ : ਕਣਕ, ਦੁੱਧ, ਫਲ, ਸਬਜ਼ੀਆਂ, ਨਟਸ ਚਮੜੀ ਦੀ ਐਲਰਜੀ
Dr. Iqbaljit Singh Gill
B.E.M.S, M.D. (E.H.)
M.94635-81491, 99885-81491

ਸਰਪੰਚ ਸਰਬਜੀਤ ਸਿੰਘ ਖਹਿਰਾ ਪਿੰਡ ਸ਼ੇਰਪੁਰ ਕਲਾਂ

ਖਾਲਸਾ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਦੇਸ਼ ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ- ਲੱਖ ਵਧਾਈਆਂ

ਕਰਨਜੀਤ ਸ਼ੋਨੀ ਗਾਲਿਬ ਜ਼ਿਲ੍ਹਾ ਪ੍ਰਧਾਨ ਕਾਂਗਰਸ ਦਿਹਾਤੀ

UBHI AGRO INDUSTRIES

Mfg. & Supp. : Rotavator & Gyrovator, Rotary Tiller, Roto Seeder, Strow Blower, Superseeder & Agriculture Impliments

Address : Near Kateyal Palace, Ludhiana Road, Vill-Gondwal, (Raikot)
E-mail : ubhiagroind5gmail.com
Gurdeep Singh 94786-00655, 95018-85655

ਗੁਰਮੀਤ ਸਿੰਘ 98149-00062

ਖਾਲਸਾ ਕਰਿਆਨਾ ਸਟੋਰ

ਇੱਥੇ ਹਰ ਤਰ੍ਹਾਂ ਦਾ ਸਾਫ਼ ਸੁਥਰਾ ਕਰਿਆਨਾ, ਮਨਿਆਰੀ ਦਾ ਸਾਮਾਨ ਮਿਲਦਾ ਹੈ।
ਨੋਟ : ਵਿਆਹ ਸ਼ਾਦੀ ਆਦਿ ਪ੍ਰੋਗਰਾਮਾਂ ਲਈ ਸਮਾਨ ਲੈਣ ਲਈ ਮਿਲੋ।
ਲੋਪੋ ਰੋਡ, ਬੱਧਨੀ ਕਲਾਂ (ਮੋਗਾ)

ਸੁਖਮਨਪ੍ਰੀਤ ਸਿੰਘ 89994-00062

ਖਾਲਸਾ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਦੇਸ਼ ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ- ਲੱਖ ਵਧਾਈਆਂ

ਗੁਰਦੀਪ ਸਿੰਘ ਡੱਲਾ ਯੂਥ ਆਗੂ

ਵੱਲੋਂ :
ਸਮੂਹ ਗ੍ਰਾਮ ਪੰਚਾਇਤ
ਪਿੰਡ ਨਵਾਂ ਡੱਲਾ (ਜਗਰਾਓਂ)

ਬਲਜਿੰਦਰ ਕੌਰ ਸਰਪੰਚ, ਨਵਾਂ ਡੱਲਾ

RAJAT RESORTS

ਖੁੱਲੀ ਏ ਸੀ ਹਾਲ
NH-5 Mullanapur-Jagraon Road, Near Morkrima, Distt. Ludhiana
ਜਗਜੀਵਨ ਸੇਖੋਂ 98853-53204 | ਮਨਪ੍ਰੀਤ ਸਿੰਘ ਮੈਨੇਜਰ 95015-53204 | ਗੁਰਦੀਪ ਬੋਪਾਰਾਏ 99143-46473

Harpreet Bawa

Manager
90239-88198
62802-82979

Bharat Petroleum
ਤੁਹਾਡੇ ਇੱਕ ਫੋਨ 'ਤੇ ਤੁਹਾਡਾ ਡੀਜ਼ਲ ਤੁਹਾਡੇ ਘਰੇ
SADBHAVNA FUELS
DEALERSHIP WITH B.P.C.L.
Barnala Road, Jalaldiwal (Ludhiana)
E-mail: sadbhavana171875@bpcretail.in

Karan Resorts

Dr. Amarjit Singh, Managing Director, 98887-74053
S. Chand Singh, Director, 98550-13375
Spl Arrangements for Marriage Parties & Other Functions
email: karanresorts123@gmail.com
Jagraon Road, Near Vill. Dhatt Mullanpur (Ldh.)
Sister Concern : Amar Physiotherapy Centre, Jagraon Road, Saggu Market, Mandi Mullanpur.

ਖਾਲਸਾ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਦੇਸ਼ ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ- ਲੱਖ ਵਧਾਈਆਂ

ਆਸ਼ਰਮ ਵੱਡਾ ਡੇਰਾ ਦੋਧਰ (ਮੋਗਾ)

ਇੱਥੇ ਅਨਾਥ, ਨੇਤਰਹੀਣ ਤੇ ਯਤੀਮ ਬੱਚਿਆਂ ਦੀ ਸੇਵਾ ਸੰਭਾਲ ਕੀਤੀ ਜਾਂਦੀ ਹੈ। ਦਾਨੀ ਸੱਜਣ ਸੰਪਰਕ ਜਰੂਰ ਕਰਨ।

ਸੰਤ ਬਾਬਾ ਦੀਪਕ ਸਿੰਘ ਜੀ
ਗੱਦੀਨਸ਼ੀਨ
ਵੱਡਾ ਡੇਰਾ ਦੋਧਰ
ਮੋਬਾ. 98728-85185

ਖੇਤੀਬਾੜੀ ਸਹਿਕਾਰੀ ਸਭਾ

ਪ੍ਰਧਾਨ ਗੁਰਦੇਵ ਸਿੰਘ

ਪਿੰਡ ਦੋਧਰ, ਜ਼ਿਲ੍ਹਾ ਮੋਗਾ
ਮੀਤ ਪ੍ਰਧਾਨ ਕਾਮਰੇਡ ਗੁਰਮੇਲ ਸਿੰਘ
ਸੈਕਟਰੀ ਲਭਪ੍ਰੀਤ ਸਿੰਘ

ਭੀਵਾਨ ਹਸਪਤਾਲ

ਇੱਥੇ ਡਿਲਵਰੀ ਕੇਸ, ਟੁੱਟੀਆਂ ਹੱਡੀਆਂ, ਚੂਲਾ ਬਦਲਣ, ਗੋਡੇ ਬਦਲਣ, ਗੁਰਦੇ ਅਤੇ ਪਿੱਤੇ ਦੀ ਪੱਥਰੀ ਦਾ ਆਪ੍ਰੇਸ਼ਨ ਕੀਤੇ ਜਾਂਦੇ ਹਨ।
ਬਹੁਤ ਹੀ ਘੱਟ ਰੇਟਾਂ 'ਤੇ
ਇੱਥੇ 5 ਲੱਖ ਵਾਲੇ ਕਾਰਡ ਵਾਲਿਆਂ ਦੇ ਅਪ੍ਰੇਸ਼ਨ ਮੁਫ਼ਤ ਕੀਤੇ ਜਾਂਦੇ ਹਨ।
ਕੱਚਾ ਮਲਕ ਰੋਡ, ਗੁਲਾਬੀ ਬਾਗ, ਸਾਹਮਣੇ ਰੰਧਾਵਾ ਕੋਲਡ ਸਟੋਰ, ਜਗਰਾਓਂ
ਡਾ. ਮੀਨੂ ਗੋਇਲ (Mob. 70095-20543)
Senior Anaesthetist and ICU Specialist DA DNB SPS
Apollo Hospital Ludhiana PMC : 39641

ਸਾਬਕਾ ਸਰਪੰਚ ਹਰਚੰਦ ਸਿੰਘ

ਚਕਰ ਆਲ ਇੰਡੀਆ ਕਨਵੀਨਰ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਮੂਹ ਦੇਸ਼ ਵਾਸੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਹਰਚੰਦ ਸਿੰਘ ਸਾਬਕਾ ਸਰਪੰਚ

ਪੰਜਾਬ ਕੋਲਡ ਸਟੋਰ

ਰੈਜੀਡੈਂਸੀ ਗਾਰਡਨ ਰਿਜ਼ੋਰਟ
ਪੰਡੋਰੀ ਫਿਰੋਜ਼ਪੁਰ ਰੋਡ, ਮੁੱਲਾਂਪੁਰ
ਗੁਰਪ੍ਰੀਤ ਸਿੰਘ
94632-18000, 92165-71300

ਰਾਮ ਲਾਲ ਹਲਵਾਈ

ਹਕੂਮਤ ਰਾਏ
RHJ Sweets
82333-00650, 01624-22244
ਰੇਲਵੇ ਰੋਡ, ਜਗਰਾਓਂ

ਖਾਲਸਾ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਸਮੂਹ ਦੇਸ਼ ਵਿਦੇਸ਼ 'ਚ ਵਸਦੀਆਂ ਸੰਗਤਾਂ ਨੂੰ ਲੱਖ- ਲੱਖ ਵਧਾਈਆਂ

ਅਮਰਜੀਤ ਸਿੰਘ ਨੂਰਪੁਰਾ

ਸਰਪੰਚ ਚਰਨਜੀਤ ਕੌਰ
ਸਮੂਹ ਗ੍ਰਾਮ ਪੰਚਾਇਤ ਨੂਰਪੁਰਾ

ਦੇਸ਼ ਵਿਦੇਸ਼ 'ਚ ਵਸਦੀਆਂ ਸਮੂਹ ਨਾਨਕਲੇਵਾ ਸੰਗਤਾਂ ਨੂੰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਸੰਤ ਬਾਬਾ ਕਰਮ ਦਾਸ
ਚੇਲਾ ਮਹੰਤ ਰੁਲਦੂ ਦਾਸ ਡੇਰਾ ਬਾਗ ਵਾਲਾ ਪਿੰਡ ਰਾਮਾ (ਮੋਗਾ)